



ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition






Reg No: AAA1353 | Ludhiana, Tuesday 04 November, 2025 | Website: www.cee7news.com


## ਜ਼ਿਲ੍ਹਾ ਮੈਜਿਸਟਰੇਟ ਨੇ ਤਰਨ ਤਾਰਨ ਸ਼ਹਿਰ ਵਿੱਚ ਧਰਨੇ, ਪ੍ਰਦਰਸ਼ਨਾਂ ਲਈ ਗਾਂਧੀ ਪਾਰਕ ਦੀ ਥਾਂ ਨਿਰਧਾਰਿਤ ਕੀਤੀ



ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨ ਤਾਰਨ, 03 ਨਵੰਬਰ ਜ਼ਿਲ੍ਹਾ ਮੈਜਿਸਟਰੇਟ ਤਰਨ ਤਾਰਨ ਸ੍ਰੀ ਰਾਹੁਲ, ਆਈ.ਏ.ਐੱਸ. ਨੇ ਹੁਕਮ ਜਾਰੀ ਕਰਕੇ ਤਰਨ ਤਾਰਨ ਸ਼ਹਿਰ ਵਿੱਚ ਧਰਨੇ/ਪ੍ਰਦਰਸ਼ਨਾਂ ਲਈ ਗਾਂਧੀ ਪਾਰਕ ਦਾ ਸਥਾਨ ਨਿਰਧਾਰਿਤ ਕਰ ਦਿੱਤਾ ਹੈ। ਇਸ ਥਾਂ ਉੱਪਰ ਵੀ 24 ਘੰਟੇ ਪਹਿਲਾਂ ਵਧੀਕ ਡਿਪਟੀ ਕਮਿਸ਼ਨਰ (ਜ) ਤੋਂ ਅਗੇਤੀ ਪ੍ਰਵਾਨਗੀ ਲੈ ਕੇ ਹੀ ਧਰਨਾ/ਪ੍ਰਦਰਸ਼ਨ ਕੀਤਾ ਜਾ ਸਕਦਾ ਹੈ ਅਤੇ ਇਸ ਤੋਂ ਬਿਨ੍ਹਾਂ ਸ਼ਹਿਰ ਵਿੱਚ ਕਿਸੇ ਵੀ ਹੋਰ ਥਾਂ `ਤੇ ਧਰਨਾ ਪ੍ਰਦਰਸ਼ਨ ਨਹੀਂ ਕੀਤਾ ਜਾ ਸਕਦਾ।<ਜ਼ਿਲ੍ਹਾ ਮੈਜਿਸਟਰੇਟ ਸ੍ਰੀ ਰਾਹੁਲ ਨੇ ਕਿਹਾ ਕਿ ਵਿਧਾਨ ਸਭਾ ਹਲਕਾ 021-ਤਰਨ ਤਾਰਨ ਦੀ ਉਪ ਚੋਣ ਦੇ ਮੱਦੇਨਜ਼ਰ ਪੂਰੇ ਜ਼ਿਲ੍ਹਾ ਤਰਨ ਤਾਰਨ ਵਿੱਚ ਚੋਣ ਜ਼ਾਬਤਾ ਲੱਗਾ ਹੋਇਆ ਹੈ। ਸ੍ਰੀ ਰਾਹੁਲ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਪਿਛਲੇ ਦਿਨਾਂ ਤੋਂ ਵੱਖ-ਵੱਖ ਸੰਗਠਨਾਂ, ਜਥੇਬੰਦੀਆਂ ਅਤੇ ਵਿਅਕਤੀਆਂ ਆਦਿ ਵੱਲੋਂ ਵਿਧਾਨ ਸਭਾ ਹਲਕਾ ਤਰਨ ਤਾਰਨ-21 ਦੇ ਵੱਖ-ਵੱਖ ਪਾਰਟੀਆਂ ਅਤੇ ਆਜ਼ਾਦ ਉਮੀਦਵਾਰਾਂ ਦੀਆਂ ਰਹਾਇਸ਼ਾਂ, ਸੜਕਾਂ ,ਸਥਾਨਾਂ ਆਦਿ ਵਿਖੇ ਪ੍ਰਦਰਸ਼ਨ, ਵਿਰੋਧ ਪ੍ਰਦਰਸ਼ਨ, ਧਰਨੇ ਅਤੇ ਭੁੱਖ ਹੜਤਾਲਾਂ ਆਦਿ ਕੀਤੀਆਂ ਜਾ ਰਹੀਆਂ ਹਨ। ਅਜਿਹੇ ਪ੍ਰਦਰਸ਼ਨਾਂ ਜਾਂ ਵਿਰੋਧ ਪ੍ਰਦਰਸ਼ਨਾਂ ਨਾਲ ਜਿੱਥੇ ਆਮ ਲੋਕ, ਆਵਾਜਾਈ ਆਦਿ ਪ੍ਰਭਾਵਿਤ ਹੁੰਦੀ ਹੈ ਅਤੇ ਉੱਥੇ ਇਹ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਵੀ ਉਲੰਘਣਾ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਉਪਰੋਕਤ ਸਥਿਤੀ ਦੇ ਮੱਦੇਨਜ਼ਰ ਆਮ ਲੋਕਾਂ ਦੀਆਂ ਮੁਸ਼ਕਿਲਾਂ ਅਤੇ ਅਮਨ ਕਾਨੂੰਨ ਦੀ ਵਿਵਸਥਾ ਨੂੰ ਮੁੱਖ ਰੱਖਦੇ ਹੋਏ ਵੱਖ-ਵੱਖ ਸੰਗਠਨਾਂ ਜਥੇਬੰਦੀਆਂ ਆਦਿ ਨੂੰ ਸ਼ਾਂਤੀ ਪੂਰਵਕ ਪ੍ਰਦਰਸ਼ਨ, ਵਿਰੋਧ ਪ੍ਰਦਰਸ਼ਨ ਆਦਿ ਕਰਨ ਲਈ ਸਥਾਨ ਗਾਂਧੀ ਪਾਰਕ ਤਰਨ ਤਾਰਨ ਨਿਰਧਾਰਿਤ ਕੀਤਾ ਗਿਆ ਹੈ। ਇਸ ਲਈ ਜਿੰਨ੍ਹਾ ਸੰਗਠਨਾਂ, ਜਥੇਬੰਦੀਆਂ, ਵਿਅਕਤੀਆਂ ਆਦਿ ਵੱਲੋਂ ਜੇਕਰ ਕਿਸੇ ਪ੍ਰਕਾਰ ਦਾ ਸ਼ਾਂਤਮਈ ਪ੍ਰਦਰਸ਼ਨ, ਵਿਰੋਧ ਪ੍ਰਦਰਸ਼ਨ ਕੀਤਾ ਜਾਣਾ ਹੈ

# ਜਨਰਲ ਅਬਜ਼ਰਵਰ ਦੀ ਮੌਜੂਦਗੀ `ਚ ਇਲੈੱਕਟਰਾਨਿਕ ਵੋਟਿੰਗ ਮਸ਼ੀਨਾਂ ਦੀ ਕਮਿਸ਼ਨਿੰਗ ਸ਼ੁਰੂ ਹੋਈ

### ਵੱਖ-ਵੱਖ ਉਮੀਦਵਾਰ ਤੇ ਰਾਜਨੀਤਕ ਪਾਰਟੀਆਂ ਦੇ ਨੁਮਾਇੰਦੇ ਵੀ ਰਹੇ ਹਾਜ਼ਰ

ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨ ਤਾਰਨ, 03 ਨਵੰਬਰ - ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵਿਧਾਨ ਸਭਾ ਹਲਕਾ 021-ਤਰਨ ਤਾਰਨ ਦੀ ਉਪ ਚੋਣ ਵਿਚ ਵਰਤੀਆਂ ਜਾਣ ਵਾਲੀਆਂ ਇਲੈੱਕਟਰਾਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐੱਮ) ਦੀ ਕਮਿਸ਼ਨਿੰਗ ਅੱਜ ਜਨਰਲ ਅਬਜ਼ਰਵਰ ਸ੍ਰੀਮਤੀ ਪੁਸ਼ਪਾ ਸਤਿਆਨੀ, ਆਈ.ਏ.ਐੱਸ. ਦੀ ਹਾਜ਼ਰੀ ਵਿੱਚ ਸ਼ੁਰੂ ਕਰ ਦਿੱਤੀ ਗਈ। ਇਸ ਮੌਕੇ ਵਿਧਾਨ ਸਭਾ ਹਲਕਾ 021-ਤਰਨ ਤਾਰਨ ਦੇ ਰਿਟਰਨਿੰਗ ਅਫ਼ਸਰ ਸ੍ਰੀ ਗੁਰਮੀਤ ਸਿੰਘ ਅਤੇ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਵੀ ਹਾਜ਼ਰ ਸਨ। ਇਲੈੱਕਟਰਾਨਿਕ ਵੋਟਿੰਗ ਮਸ਼ੀਨਾਂ ਦੀ ਕਮਿਸ਼ਨਿੰਗ ਕਰਨ ਲਈ ਅੱਜ ਸਭ ਤੋਂ ਪਹਿਲਾਂ ਜਨਰਲ ਅਬਜ਼ਰਵਰ ਦੀ ਹਾਜ਼ਰੀ ਵਿੱਚ ਸਟਰਾਂਗ ਰੂਮ ਖੋਲ੍ਹਿਆ ਗਿਆ ਅਤੇ ਈ.ਵੀ.ਐੱਮ. ਮਸ਼ੀਨਾਂ ਦੀ ਪੋਲਿੰਗ ਬੂਥ ਵਾਈਜ਼ ਤਿਆਰੀ (ਕਮਿਸ਼ਨਿੰਗ) ਸ਼ੁਰੂ ਕੀਤੀ ਗਈ। ਇਹ ਸਾਰੀ ਪ੍ਰੀਕ੍ਰਿਆ ਰਾਜਨੀਤਿਕ ਪਾਰਟੀ ਦੇ ਨੁਮਾਇੰਦਿਆਂ ਅਤੇ ਚੋਣ ਲੜ ਰਹੇ ਉਮੀਦਵਾਰਾਂ ਦੀ ਹਾਜ਼ਰੀ ਵਿੱਚ ਕੀਤੀ ਗਈ।



### ਈ.ਵੀ.ਐੱਮ. ਦੀ ਕਮਿਸ਼ਨਿੰਗ ਸਬੰਧੀ ਜਾਣਕਾਰੀ ਦਿੰਦਿਆਂ ਰਿਟਰਨਿੰਗ ਅਫ਼ਸਰ ਸ੍ਰੀ ਗੁਰਮੀਤ ਸਿੰਘ ਨੇ ਦੱਸਿਆ

ਵਿਧਾਨ ਸਭਾ ਹਲਕਾ ਤਰਨ ਤਾਰਨ ਵਿਚ ਕੁੱਲ 222 ਪੋਲਿੰਗ ਸਟੇਸ਼ਨ ਹਨ ਅਤੇ ਹਲਕੇ ਦੇ ਪੋਲਿੰਗ ਬੂਥਾਂ ਦੀ ਗਿਣਤੀ ਤੋਂ 120 ਫ਼ੀਸਦੀ ਬੈਲਟ ਯੂਨਿਟ (ਬੀਯੂ) ਅਤੇ ਕੰਟਰੋਲ ਯੂਨਿਟ (ਸੀਯੂ) ਅਤੇ 130 ਫ਼ੀਸਦੀ ਵੀਵੀਪੈਟ ਮਸ਼ੀਨਾਂ ਦਿੱਤੀਆਂ ਗਈਆਂ ਹਨ ਤਾਂ ਜੋ ਉਨ੍ਹਾਂ ਕੋਲ ਕਿਸੇ ਮਸ਼ੀਨ ਦੇ ਖ਼ਰਾਬ ਹੋਣ ’ਤੇ ਰਾਖਵਾਂ ਕੋਟਾ ਮੌਜੂਦ ਹੋਵੇ। ਉਨ੍ਹਾਂ ਕਿਹਾ ਕਿ ਅੱਜ ਦੀ ਕਮਿਸ਼ਨਿੰਗ ਦੌਰਾਨ ਇਲੈੱਕਟਰਾਨਿਕ ਵੋਟਿੰਗ ਮਸ਼ੀਨਾਂ ਨੂੰ ਪੋਲਿੰਗ ਬੂਥ ਅਲਾਟ ਕਰ ਦਿੱਤੇ ਗਏ ਹਨ ਅਤੇ ਈ.ਵੀ.ਐੱਮ. ਨੂੰ ਵਾਪਸ ਸਖ਼ਤ ਸੁਰੱਖਿਆ ਪ੍ਰਬੰਧਾਂ ਤਹਿਤ ਸਟਰਾਂਗ ਰੂਮ ਵਿੱਚ ਰੱਖ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵੋਟਿੰਗ ਮਸ਼ੀਨਾਂ ਦੀ ਕਮੀਸ਼ਨਿੰਗ ਭਲਕੇ ਮੁਕੰਮਲ ਹੋ ਜਾਵੇਗੀ।







# ਉਮੀਦਵਾਰਾਂ ਵੱਲੋਂ ਪ੍ਰਿੰਟ, ਇਲੈਕਟ੍ਰਾਨਿਕ ਅਤੇ ਸੋਸ਼ਲ ਮੀਡੀਆ ਉੱਪਰ ਚੋਣ ਪ੍ਰਚਾਰ ਲਈ ਕੀਤੇ ਜਾ ਰਹੇ ਖ਼ਰਚੇ ਦਾ ਹਿਸਾਬ ਰੱਖਿਆ ਜਾਵੇ

### ਐੱਮ.ਸੀ.ਐੱਮ.ਸੀ. ਸੈੱਲ ਨੂੰ ਪੇਡ ਨਿਊਜ਼ ਤੇ ਫੇਕ ਨਿਊਜ਼ ਉੱਪਰ ਤਿੱਖੀ ਨਜ਼ਰ ਰੱਖਣ ਦੀਆਂ ਹਦਾਇਤਾਂ ਦਿੱਤੀਆਂ

ਚੋਹਲਾਸਾਹਿਬ 3 ਨਵੰਬਰ | (ਸਨਦੀਪ ਸਿੱਧੂ, ਪਰਮਿੰਦਰ ਚੋਹਲਾ)

ਤਰਨ ਤਾਰਨ ਉਪ ਚੋਣ ਲਈ ਮਾਣਯੋਗ ਚੋਣ ਕਮਿਸ਼ਨ ਵੱਲੋਂ ਤਾਇਨਾਤ ਕੀਤੇ ਜਨਰਲ ਅਬਜ਼ਰਵਰ ਸ੍ਰੀਮਤੀ ਪੁਸ਼ਪਾ ਸਤਿਆਨੀ, ਆਈ.ਏ.ਐੱਸ . ਵੱਲੋਂ ਅੱਜ ਮੀਡੀਆ ਸਰਟੀਫ਼ਿਕੇਸ਼ਨ ਤੇ ਮੋਨੀਟਰਿੰਗ ਕਮੇਟੀ (ਐੱਮ.ਸੀ.ਐੱਮ.ਸੀ) ਸੈੱਲ ਤਰਨ ਤਾਰਨ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਐੱਮ.ਸੀ.ਐੱਮ.ਸੀ. ਸੈੱਲ ਵੱਲੋਂ ਪ੍ਰਿੰਟ, ਇਲੈਕਟ੍ਰੋਨਿਕ, ਸੋਸ਼ਲ ਮੀਡੀਆ ਵਿੱਚ ਸਿਆਸੀ ਇਸ਼ਤਿਹਾਰਬਾਜ਼ੀ, ਪ੍ਰੀ-ਸਰਟੀਫਿਕੇਸ਼ਨ ਦੀ ਜਾਣਕਾਰੀ ਲੈਣ ਤੋਂ ਇਲਾਵਾ ਪੇਡ ਨਿਊਜ਼ ਨੂੰ ਰੋਕਣ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਵੀ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਉਨ੍ਹਾਂ ਨੇ ਮੀਡੀਆ ਸਰਟੀਫਿਕੇਸ਼ਨ ਤੇ ਮੋਨੀਟਰਿੰਗ ਕਮੇਟੀ (ਐੱਮ.ਸੀ.ਐੱਮ.ਸੀ) ਸੈੱਲ, ਤਰਨ ਤਾਰਨ ਦੀ ਕਾਰਗੁਜ਼ਾਰੀ ਉੱਪਰ ਆਪਣੀ ਤਸੱਲੀ ਜ਼ਾਹਰ ਕੀਤੀ। ਜਨਰਲ ਅਬਜ਼ਰਵਰ ਸ੍ਰੀਮਤੀ ਪੁਸ਼ਪਾ ਸਤਿਆਨੀ ਨੇ ਕਿਹਾ ਕਿ ਮਾਣਯੋਗ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਵਿਧਾਨ ਸਭਾ ਹਲਕਾ 021-ਤਰਨ ਤਾਰਨ ਦੀ ਉਪ ਚੋਣ ਦੇ ਮੱਦੇਨਜ਼ਰ ਜ਼ਿਲ੍ਹਾ ਪੱਧਰ `ਤੇ ਬਣੀ ਮੀਡੀਆ ਸਰਟੀਫ਼ਿਕੇਸ਼ਨ ਅਤੇ ਮੋਨੀਟਰਿੰਗ ਕਮੇਟੀ ਵੱਲੋਂ ਪ੍ਰਿੰਟ, ਇਲੈੱਕਟ੍ਰਾਨਿਕ ਅਤੇ ਸੋਸ਼ਲ ਮੀਡੀਆ `ਤੇ 24 ਘੰਟੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਚੋਣਾਂ ਨਾਲ ਸਬੰਧਿਤ ਸਾਰੀਆਂ ਖ਼ਬਰਾਂ ਨੂੰ ਬਰੀਕੀ ਨਾਲ ਵਾਚਿਆ ਜਾਵੇ ਤਾਂ ਜੋ ਪੇਡ ਨਿਊਜ਼ ਤੇ ਫੇਕ ਨਿਊਜ਼ ਨੂੰ ਰੋਕਿਆ ਜਾ ਸਕੇ।ਜਨਰਲ ਅਬਜ਼ਰਵਰ ਨੇ ਕਿਹਾ ਕਿ ਰਾਜਨੀਤਿਕ ਪਾਰਟੀਆਂ ਅਤੇ ਉਮੀਦਵਾਰਾਂ ਵੱਲੋਂ ਆਪਣੇ ਚੋਣ ਪ੍ਰਚਾਰ ਦੌਰਾਨ ਬਲਕ ਐੱਸ.ਐੱਮ.ਐੱਸ ਤੇ ਵਾਈਸ ਮੈਸੇਜ, ਇਲੈਕਟ੍ਰੋਨਿਕ ਮੀਡੀਆ ਟੀ.ਵੀ. ਤੇ ਕੇਬਲ ਚੈਨਲ, ਜਨਤਕ ਥਾਵਾਂ `ਤੇ ਆਡੀਓ-ਵੀਜ਼ੂਅਲ ਰਾਜਨੀਤਿਕ ਮੁਹਿੰਮ, ਇੰਟਰਨੈੱਟ ਅਤੇ ਸੋਸ਼ਲ ਮੀਡੀਆ, ਰੇਡੀਓ, ਈ-ਪੇਪਰ, ਸਿਨੇਮਾ ਹਾਲ ਵਿੱਚ ਕੋਈ ਵੀ ਸਿਆਸੀ ਇਸ਼ਤਿਹਾਰਬਾਜ਼ੀ ਮੀਡੀਆ ਸਰਟੀਫ਼ਿਕੇਸ਼ਨ ਅਤੇ ਮੋਨੀਟਰਿੰਗ ਕਮੇਟੀ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਜਾਰੀ ਨਹੀਂ ਕੀਤੀ ਜਾ ਸਕਦੀ।



**ਇਸੇ ਤਰਾਂ ਪ੍ਰਿੰਟ ਮੀਡੀਆ ਵਿੱਚ ਵੋਟਾਂ ਵਾਲੇ ਦਿਨ ਅਤੇ ਵੋਟਾਂ ਵਾਲੇ ਦਿਨ ਤੋਂ ਇੱਕ ਦਿਨ ਪਹਿਲਾਂ ਕੋਈ ਵੀ ਸਿਆਸੀ ਇਸ਼ਤਿਹਾਰ ਮੀਡੀਆ ਸਰਟੀਫਿਕੇਸ਼ਨ ਅਤੇ ਮੋਨੀਟਰਿੰਗ ਕਮੇਟੀ ਦੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਛਪ ਸਕਦਾ ਹੈ।**

ਉਨ੍ਹਾਂ ਚੋਣਾਂ ਲੜ ਰਹੇ ਉਮੀਦਵਾਰਾਂ ਨੂੰ ਅਪੀਲ ਕਰਦਿਆਂ ਕਿਹਾ ਹੈ ਕਿ ਉਹ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਅਤੇ ਇਲੈਕਟ੍ਰੋਨਿਕ ਮੀਡੀਆ, ਸੋਸ਼ਲ ਮੀਡੀਆ, ਬਲਕ ਐੱਸ.ਐੱਮ.ਐੱਸ, ਈ-ਪੇਪਰ ਵਿੱਚ ਕੋਈ ਵੀ ਸਿਆਸੀ ਇਸ਼ਤਿਹਾਰ ਐੱਮ.ਸੀ.ਐੱਮ.ਸੀ. ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਨਾ ਲਗਾਇਆ ਜਾਵੇ।

ਇਸ ਮੌਕੇ ਮੀਡੀਆ ਸਰਟੀਫਿਕੇਸ਼ਨ ਤੇ ਮੋਨੀਟਰਿੰਗ ਕਮੇਟੀ (ਐੱਮ.ਸੀ.ਐੱਮ.ਸੀ) ਸੈੱਲ ਦੇ ਮੈਂਬਰ ਸਕੱਤਰ ਡੀ.ਪੀ.ਆਰ.ਓ. ਇੰਦਰਜੀਤ ਸਿੰਘ, ਐੱਮ.ਸੀ.ਐੱਮ.ਸੀ. ਟੀਮ ਦੇ ਮੈਂਬਰ ਨਵੀਨ ਕਾਲੀਆ, ਅਜੀਤ ਪਾਲ ਸਿੰਘ, ਸੁਰਿੰਦਰਪਾਲ ਸਿੰਘ, ਇੰਦਰਜੀਤ ਸਿੰਘ, ਜਤਿੰਦਰਪਾਲ ਸਿੰਘ, ਰਜਿੰਦਰਪਾਲ ਸਿੰਘ, ਬਲਰਾਜ ਸਿੰਘ, ਸੁਖਮਿੰਦਰ ਸਿੰਘ, ਇਮਰਾਨ ਸ਼ਾਹ, ਅਜੇਪਾਲ ਸਿੰਘ, ਕੁਲਦੀਪਕ ਸਿੰਘ, ਰਜਿੰਦਰ ਕੌਰ, ਅਰਸ਼ਪ੍ਰੀਤ ਸਿੰਘ ਅਤੇ ਅਮਿਤ ਕੁਮਾਰ ਵੀ ਹਾਜ਼ਰ ਸਨ।

# ਸਾਹ ਦਮੇ ਦੀ ਬਿਮਾਰੀ: ਕਾਰਨ ਲੱਛਣ ਤੇ ਬਚਾਓ। (ਡਾ ਅਜੀਤਪਾਲ ਸਿੰਘ ਐਮ ਡੀ)



ਫੇਫੜਿਆਂ ਤੋਂ ਹੋ ਕੇ ਜਾਂਦੀ ਸਾਹ ਨਾਲੀ 'ਚ ਕੋਈ ਅੜਿੱਕਾ ਪੈਦਾ ਹੋ ਜਾਣ ਨਾਲ ਸਾਹ ਲੈਣ 'ਚ ਤਕਲੀਫ਼ ਹੁੰਦੀ ਹੈ। ਜੇ ਇਹ ਤਕਲੀਫ਼ ਵੱਧ ਪੁਰਾਣੀ ਹੋ ਜਾਵੇ ਤਾਂ ਇਸ ਨੂੰ ਦਮੇ ਦੀ ਬਿਮਾਰੀ ਭਾਵ ਅਸਥਮਾ (ਸੀਓਪੀਡੀ) ਕਿਹਾ ਜਾਂਦਾ ਹੈ। ਦਮੇ ਦੀ ਬਿਮਾਰੀ ਦੀਆਂ ਕਈ ਕਿਸਮਾਂ ਹੁੰਦੀਆਂ ਹਨ।

ਅਲਰਜੀ ਕਾਰਨ ਦਮਾ (ਅਲਰਜਿਕ ਬਰੌਂਕੀਅਲ ਅਥਮਾ):

ਇਹ ਦਮੇ ਦਾ ਇੱਕ ਉਹ ਰੋਗ ਹੈ ਜੋ ਅਲਰਜੀ ਕਾਰਨ ਪੈਦਾ ਹੁੰਦਾ ਹੈ। ਇਸ ਵਿੱਚ ਸਾਹ ਨਾਲੀਆਂ ਵਾਰ ਵਾਰ ਸੁੰਗੜਦੀਆਂ ਰਹਿੰਦੀਆਂ ਹਨ ਅਤੇ ਬੰਦੇ ਨੂੰ ਵਾਰ ਵਾਰ ਤਕਲੀਫ਼ ਹੁੰਦੀ ਰਹਿੰਦੀ ਹੈ।

ਆਮ ਤੌਰ ਤੇ ਦਮੇ ਦੀ ਬੀਮਾਰੀ ਦੋ ਕਿਸਮ ਦੀ ਹੁੰਦੀ ਹੈ:

ਬਾਹਰੀ ਦਮਾ (ਐਕਸਟ੍ਰਿਨਜਿਕ) ਅਤੇ ਅੰਦਰੂਨੀ ਦਮਾ (ਇਨਟ੍ਰਿਨਜਿਕ)

ਬਾਹਰੀ ਦਮੇ ਨੂੰ ਪ੍ਰਾਸੰਗਿਕ ਦਮਾ ਵੀ ਕਿਹਾ ਜਾਂਦਾ ਹੈ। ਇਹ ਰਵਾਇਤੀ ਦਮਾ ਹੁੰਦਾ ਹੈ। ਇਸ ਵਿੱਚ ਸਾਹ ਲੈਣ ਦਾ ਰਸਤਾ ਵਾਰ ਵਾਰ ਸੁੰਗੜਦਾ ਹੈ ਅਤੇ ਫਿਰ ਠੀਕ ਹੋ ਜਾਂਦਾ ਹੈ। ਇਸ ਨੂੰ ਪੁਰਾਣਾ ਦਮਾ ਵੀ ਕਿਹਾ ਜਾਂਦਾ ਹੈ, ਜੋ ਅੱਧਖੜ ਉਮਰ ਤੋਂ ਸ਼ੁਰੂ ਹੁੰਦਾ ਹੈ।ਭਾਵ ਦੇਰ ਨਾਲ ਸ਼ੁਰੂ ਹੋਇਆ ਦਮਾ: ਲੇਟ ਆਨਸੈੱਟ ਅਸਥਮ। ਇਸ ਪ੍ਰਕਾਰ ਦੇ ਦਮੇ ਵਿੱਚ ਸਾਹ ਦੀ ਤਕਲੀਫ਼ ਥੋੜ੍ਹੀ ਬਹੁਤ ਸਥਾਈ ਤੌਰ ਤੇ ਰਹਿੰਦੀ ਹੈ ਅਤੇ ਵਿੱਚ ਵਿੱਚ ਪੂਰੀ ਤੇਜੀ ਨਾਲ ਵੱਧ ਜਾਂਦੀ ਹੈ। ਦੂਜੇ ਸ਼ਬਦਾਂ ਇਸ ਕਿਸਮ ਦੇ ਦਮੇ ਵਿੱਚ ਸਾਹ ਨਾਲੀਆਂ ਦੀ ਸੁੰਗੜਨ ਪੂਰੀ ਤਰ੍ਹਾਂ ਕਦੇ ਵੀ ਖ਼ਤਮ ਨਹੀਂ ਹੁੰਦੀ।

ਅਲਰਜਿਕ ਬੌਂਕੀਅਲ ਅਸਥਮਾ(ਦਮਾ) ਦੇ ਕਾਰਨ:

ਦਮੇ ਦਾ ਪਰਵੇਗ ਵੈਸੇ ਤਾਂ ਐਲਰਜੀ ਕਾਰਨ ਹੁੰਦਾ ਹੈ,ਪਰ ਇਸ ਨੂੰ ਸੱਦਾ ਦੇਣ ਵਿੱਚ ਕਈ ਹੋਰ ਹਾਲਤਾਂ (ਜਿਵੇਂ ਮਾਨਸਿਕ ਤਣਾਅ, ਥਕਾਵਟ,ਠੰਡ ਲੱਗਣਾ ਜਾਂ ਇਨਫੈਕਸ਼ਨ ਹੋਣੀ) ਸਹਾਇਕ ਹੁੰਦੇ ਹਨ। ਦੌਰੇ ਸਮੇਂ ਸਾਹ ਨਾਲੀਆਂ ਜਦੋਂ ਸੁੰਗੜਦੀਆਂ (ਭੀੜੀਆਂ ਹੁੰਦੀਆਂ) ਰਹਿੰਦੀਆਂ ਹਨ ਤਾਂ ਬਾਹਰ ਦੀ ਹਵਾ (ਸਾਹ ਲੈਣ ਦੀਆਂ ਸਹਾਇਕ ਮਾਸਪੇਸ਼ੀਆਂ ਦੀ ਸਹਾਇਤਾ ਨਾਲ) ਅੰਦਰ ਤਾਂ ਲਿਜਾਈ ਜਾ ਸਕਦੀ ਹੈ ਪਰ ਅਸਾਨੀ ਨਾਲ ਬਾਹਰ ਨਹੀਂ ਨਿਕਲ ਸਕਦੀ ਕਿਉਂਕਿ ਇਹ ਫੇਫੜਿਆਂ ਦੀ ਲਚਕੀਲੀ ਸੁੰਗੜਨ ਘਟਣ ਕਾਰਨ ਹੁੰਦੀ ਹੈ। ਇਸ ਕਾਰਨ ਸਾਹ ਲੈਣ ਚ ਤਕਲੀਫ ਹੁੰਦੀ ਹੈ। ਜਦੋਂ ਅੰਦਰ ਗਈ ਹਵਾ ਬਾਹਰ ਨਹੀਂ ਨਿਕਲ ਸਕਦੀ ਤਾਂ ਅੰਦਰ ਗਈ ਹਵਾ ਦਾ ਕੁੱਝ ਹਿੱਸਾ ਫੇਫੜਿਆਂ ਦੇ ਬਰੀਕ ਹਿੱਸਿਆਂ (ਐਲਵੇਲਾਈ) ਚ ਬੰਦ ਹੋ ਕੇ ਉੱਥੇ ਹੀ ਅਟਕ ਜਾਂਦਾ ਹੈ ਅਤੇ ਇਨ੍ਹਾਂ ਹਿੱਸਿਆਂ ਨੂੰ ਫੈਲਾਈ ਰੱਖਦਾ ਹੈ। ਜੇ ਇਨਫੈਕਸ਼ਨ ਹੋ ਜਾਵੇ (ਜਿਵੇਂ ਪੁਰਾਣੇ ਪ੍ਰਸੰਗਿਕ ਦਮੇ ਚ ਹੁੰਦਾ ਹੈ) ਇਸ ਐਪੀਸੋਡ ਅਸਥਮਾ ਚ ਫੇਫੜਿਆਂ ਦੀਆਂ ਬਰੀਕ ਸੂਖਮ ਕੋਠੀਆਂ ਦੀਆਂ ਦੀਵਾਰਾਂ ਟੁੱਟ ਜਾਂਦੀਆਂ ਹਨ। ਐਮਫਾਈਜੀਮਾ ਨਾਂ ਦੀ ਇਸ ਹਾਲਤ ਦਾ ਸਿੱਟਾ ਇਹ ਹੁੰਦਾ ਹੈ ਕਿ ਦਿੱਲ ਦਾ ਸਾਇਜ ਵੱਡਾ ਹੋ ਜਾਂਦਾ ਹੈ ਭਾਵ ਕਾਰਪਲਮੋਨੇਲ ਦੀ ਹਾਲਤ।

ਹੋਰ ਕਾਰਨਾਂ ਵਿੱਚ:

(1) ਪਰਿਵਾਰਕ ਕਾਰਨ: ਵੈਸੇ ਤਾਂ ਦਮੇ ਦਾ ਕਾਰਨ ਅਲਰਜੀ ਹੈ, ਪਰ ਜਿਸ ਬੰਦੇ ਨੂੰ ਇਸ ਤਰ੍ਹਾਂ ਅਲਰਜ਼ੀ ਹੋਵੇਗੀ (ਜਾਂ ਦਮੇ ਦੇ ਰੂਪ ਵਿੱਚ ਅਲਰਜੀ ਪ੍ਰਟ ਹੋ ਜਾਵੇਗੀ) ਉਹ ਅਕਸਰ ਪਿਤਾ-ਪੁਰਖੀ ਰੁਝਾਣ ਵਜੋਂ ਮਿਲਦੀ ਹੈ।

ਬਾਹਰੀ ਦਮੇ (ਐਕਸਟ੍ਰਿਨਜਿਕ ਅਸਥਮਾ) ਦਾ ਰੁਝਾਨ ਅਕਸਰ ਦੁਬਲੇ ਪਤਲੇ,ਸਾਹਸੀ ਨੌਜਵਾਨਾਂ ਚ ਹੁੰਦਾ ਹੈ, ਜਿਨ੍ਹਾਂ ਚ ਇਸ ਰੋਗ ਦਾ ਪਰਿਵਾਰਕ ਇਤਿਹਾਸ ਹੁੰਦਾ ਹੈ। ਇਸ ਦੇ ਉਲਟ ਅਦਰੂਨੀ ਦਮੇਂ (ਇੰਟਰਿਨਜਿਕ ਅਸਥਮਾ) ਵਿੱਚ ਕੋਈ ਪੀਵ੍ਰਾਰਿਕ ਇਤਿਹਾਸ ਨਹੀਂ ਹੁੰਦਾ।

(2) ਉਮਰ ਦੇ ਲਿਹਾਜ਼ ਨਾਲ ਬਾਹਰੀ ਦਮੇ ਦੀ ਸ਼ੁਰੂਆਤ ਜਵਾਨੀ ਸਮੇਂ ਪੱਚੀ ਸਾਲ ਤੋਂ ਘੱਟ ਉਮਰ ਚ ਅਤੇ ਮਰਦਾਂ ਚ ਵੱਧ ਹੁੰਦੀ ਹੈ। ਪੁਰਾਣਾਂ ਦਮਾ ਅੱਧਖੜ ਉਮਰ ਵਿੱਚ ਅਤੇ ਔਰਤਾਂ ਚ ਵੱਧ ਹੁੰਦਾ ਹੈ।

(3)ਐਲਰਜੀ- ਪ੍ਰਸੰਗਿਕ ਦਮਾ (ਐਕਸਟ੍ਰੀਂਜਿਕ ਅਸਥਮਾ)-- ਬਾਹਰੀ ਵਾਤਾਵਰਣ ਚ ਮਿਲਣ ਵਾਲੇ ਅਲਰਜੀ ਕਾਰਕ ਵਸਤੂਆਂ ਦੇ ਸੰਪਰਕ ਚ ਅਉਣ ਨਾਲ ਇਹ ਰੋਗ ਹੁੰਦਾ ਹੈ, ਜਿਹੜਾ ਜਾਂ ਤਾਂ ਸਾਹ ਦੇ ਮਾਧਿਅਮ ਰਾਹੀਂ ਧੂੜ-ਮਿੱਟੀ ਦੇ ਕਣਾ ਵਿੱਚ ਕੁੱਝ ਅਜੇਹੇ ਕੀਟ-ਪਤੰਗੇ,ਫਾਈਬਰ, ਧਾਗਿਆਂ ਦੇ ਪਤੰਗੇ ਜਾਂ ਖੰਭਾਂ ਤੇ ਟੈਲਕਮ ਪਾਊਡਰ, ਇਤਰਫਲੇਲ ਜਾਂ ਖਾਣ ਦੇ ਮਾਧਿਅਮ ਰਾਹੀਂ (ਅੰਡਾ,ਝੀਂਗਾ ਮੱਛੀ,ਮਸ਼ਰੂਮ,ਦਵਾਈਆਂ ਆਦਿ) ਸ਼ਰੀਰ ਅੰਦਰ ਦਾਖਲ ਹੋ ਜਾਣ ਨਾਲ ਹੁੰਦਾ ਹੈ। ਧੂੜ-ਮਿੱਟੀ ਦੇ ਕਣਾ ਵਿੱਚ ਕੁਝ ਅਜਿਹੇ ਸੂਖਮ ਕੀਟ ਹੁੰਦੇ ਹਨ, ਜੋ ਅਸਲੀ ਰੂਪ ਚ ਅਲਰਜੀ ਪੈਦਾ ਕਰਦੇ ਹਨ ਅਤੇ ਜਾਂਚ ਰਾਹੀਂ ਐਲਰਜੀ ਕਾਰਕ ਵਸਤੂਆਂ ਨੂੰ ਪਹਿਚਾਣਿਆ ਜਾ ਸਕਦਾ ਹੈ। ਅਲਰਜੀ ਨਾਲ ਪੀੜਤ ਬੰਦੇ ਦੇ ਖੂਨ ਵਿੱਚ ਅਲਰਜੀ ਪ੍ਰਤੀਰੋਧਿਕ ਐਂਟੀਬਾਡੀ (ਆਈਜੀਈ- ਇੰਮੂਨੋਗਲੋਬਲਿਨ) ਬਣ ਜਾਂਦੀਆਂ ਹਨ। ਪਰ ਇਸ ਪਿਛੋਂ ਅਜਿਹੀਆਂ ਐਂਟੀਬਾਡੀ ਸਾਹ ਮਾਰਗ ਦੀ ਸ਼ਲੇਸ਼ਮਾ ਪਰਤ 'ਚ ਸਥਿਤ ਸੈਲਾਂ ਨਾਲ ਜੁੜ ਜਾਂਦੀਆਂ ਹਨ। ਜਦ ਕਦੇ ਇਸ ਵਿਸ਼ੇਸ਼ ਅਲਰਜਨ ਨਾਲ ( ਖਾਣ ਜਾਂ ਸੁੰਘਣ ਨਾਲ) ਫਿਰ ਦੁਬਾਰਾ ਸਾਹਮਣਾ ਹੁੰਦਾ ਹੈ ਤਾਂ ਇੱਕ ਐਂਟੀਜਨ-ਐਂਟੀਬਾਡੀ ਪ੍ਰਤੀਕਿਰਿਆ ਹੋਣ ਲੱਗਦੀ ਹੈ। ਇਸ ਪ੍ਰਤੀਕ੍ਰਿਆ ਚ ਜਿਆਦਾਤਰ ਸੈਲ ਨਸ਼ਟ ਹੋ ਜਾਂਦੇ ਹਨ। ਅਜਿਹੇ ਪਦਾਰਥਾਂ ਵਿੱਚ ਹਿਸਟਾਮੀਨ, ਬੈੜੀਕਾਨਿਨ,ਐਸਆਰਐਸ-ਏ, ਬਿਮਬਾਣੂ ਦਾ ਏਨਾਫਲੈਕਸਿਸ ਰਸਾਇਣਕ ਪਦਾਰਥ(ਐਸਆਰਐਸ-ਏ),ਪੋਸ੍ਟਾਗਲੈਂਡਿਨ ਅਤੇ ਬਹੁਤ ਸਾਰੇ ਹੋਰ ਪਦਾਰਥਾਂ ਦੇ ਨਾਂ ਆਉਂਦੇ ਹਨ। ਅਜਿਹੇ ਪਦਾਰਥ ਸਾਹ ਪੇਸ਼ੀਆਂ ਨੂੰ ਸੁੰਗੜਾਉਂਦੇ ਹਨ, ਸ਼ਲੇਸ਼ਮਾ ਦਾ ਰਸਾਅ ਵਧਾਉਂਦੇ ਹਨ ਅਤੇ ਸਿਲੇਸ਼ਮਾ ਪਰਤ ਚ ਸੋਜ ਲਿਆਉਂਦੇ ਹਨ। ਪੁਰਾਣੇ ਦਮੇ ਦੇ ਐਲਰਜੀਕਾਰਕ ਪਦਾਰਥ ਸ਼ਰੀਰ ਦੇ ਅੰਦਰੋਂ ਹੀ ਹਾਸਲ ਹੁੰਦੇ ਹਨ। ਅਜਿਹੇ ਪਦਾਰਥ ਜਾਂ ਤਾਂ ਕਿਸੇ ਜੀਵਾਣੂ ਤੋਂ ਹਾਸਲ ਪ੍ਰੋਟੀਨ ਨਾਲ (ਸ਼ਰੀਰ ਚ ਕਿਸੇ ਇਨਫੈਕਸ਼ਨ ਕਾਰਨ) ਜਾਂ ਕਿਸੇ ਫੰਗਸ (ਉਲੀ) ਤੋਂ ਪ੍ਰਾਪਤ ਹੁੰਦੇ ਹਨ। ਅਜਿਹਾ ਦਮਾ ਇੱਕ ਇਮਿਊਨ ਕੰਪਲੈਕਸ ਪ੍ਰਤੀਕਿਰਿਆ ਰਾਹੀਂ ਹੁੰਦਾ ਹੈ ਅਤੇ ਇਸ ਚ ਬੰਦੇ ਦਾ ਸੰਵੇਦਨਸ਼ੀਲ ਹੋਣਾ ਜ਼ਰੂਰੀ ਨਹੀਂ ਹੁੰਦਾ। ਇਸ ਵਿੱਚ ਆਈਜੀਈ ਇਮੂਨੋਗਲੋਬਲਿਨ ਵਧਿਆ ਹੋਇਆ ਨਹੀਂ ਹੁੰਦਾ।

(4) ਉਕਸਾਊ ਹਾਲਤਾਂ (ਪ੍ਰੌਸਪੀਟੇਟਿੰਗ ਫੈਕਟਰਸ):

ਤਣਾਅਪੂਰਨ ਸਥਿਤੀ, ਮਾਨਸਿਕ ਸਦਮਾ ,ਆਵੇਸ਼, ਅਸਾਧਾਰਨ ਸਰੀਰਕ ਹਾਲਤਾਂ ( ਜਿਵੇਂ ਥਕਾਵਟ,ਵੱਧ ਮਿਹਨਤ,ਮੌਸਮ ਦੀ ਤਬਦੀਲੀ,ਠੰਢਾ ਮੌਸਮ,ਧੂੰਆਂ,ਤੰਬਾਕੂਨੋਸ਼ੀ ਆਦਿ) ਜਾਂ ਕਿਸੇ ਕਿਸਮ ਦੀ ਇਨਫੈਕਸ਼ਨ ਦਮਾ ਪੈਦਾ ਕਰਦੀ ਹੈ।

ਦਮਾ (ਅਸਥਮਾ) ਰੋਗ ਦੇ ਲੱਛਣ/ਕਾਰਨ :-

ਪ੍ਰਸੰਗਿਕ ਦਮਾ( ਏਪੀਸੋਡਿਕ ਅਸਥਮਾ) ਸਾਹ ਦਾ ਤੇਜ਼ ਤੇਜ਼ ਆਉਣਾ ਇਸ ਦਾ ਪ੍ਰਮੁੱਖ ਲੱਛਣ ਹੈ। ਰੋਗੀ ਅਚਾਨਕ ਗੰਭੀਰ ਸੰਕਟ ਕਰਕੇ ਪ੍ਰੇਸ਼ਾਨ ਹੋ ਜਾਂਦਾ ਹੈ। ਸਾਹ ਲੈਣ ਦਾ ਅਰਸਾ ਅਨਿਯਮਿਤ ਹੋ ਜਾਂਦਾ ਹੈ। ਜ਼ਿਆਦਾਤਰ ਇਸ ਦਾ ਵੇਗ ਰਾਤ ਵੇਲੇ ਹੁੰਦਾ ਹੈ। ਕਦੀ ਕਦੀ ਦਿਨ ਸਮੇਂ ਵੀ ਹੋ ਸਕਦਾ ਹੈ। ਦਮ ਘੁੱਟਣ,ਛਾਤੀ ਦੀ ਜਕੜਨ, ਖੰਘਣ ਜਾਂ ਹਫਣ ਦੀ ਹਾਲਤ ਹੁੰਦੀ ਹੈ। ਇਸ ਦੇ ਨਾਲ ਸਾਂ-ਸਾਂ ਦੀ ਆਵਾਜ਼ ਹੁੰਦੀ ਹੈ। ਇਸ ਦੌਰੇ ਦਾ ਅਸਰ ਕੁਝ ਮਿੰਟਾਂ ਤੋਂ ਲੈਕੇ ਕੁਝ ਘੰਟਿਆਂ ਤੱਕ ਚੱਲ ਸਕਦਾ ਹੈ। ਜਦ ਤੱਕ ਫਸੀ ਹੋਈ ਬਲਗਮ (ਮਿਊਕਸ) ਬਾਹਰ ਨਾ ਨਿਕਲੇ ਆਰਾਮ ਨਹੀਂ ਆਉਂਦਾ।

ਗੰਭੀਰ ਲੰਮਾਂ ਦਮਾ (ਸਟੇਟਸ ਅਸਥਮੇਟੀਕਸ):-

ਇਸ ਚ ਦਮੇ ਦਾ ਦੌਰਾ ਬੇਹੱਦ ਗੰਭੀਰ ਹੁੰਦਾ ਹੈ ਅਤੇ ਕਈ ਘੰਟੇ ਤੱਕ ਰਹਿੰਦਾ ਹੈ।ਇਹ ਬਿਨਾਂ ਕਿਸੇ ਰਾਹਤ ਦੇ ਲਗਾਤਾਰ ਚਲਦਾ ਰਹਿੰਦਾ ਹੈ। ਇਹ ਇੱਕ ਗੰਭੀਰ ਤੇ ਖਤਰਨਾਕ ਹਾਲਤ ਹੈ। ਸਾਹ ਦੇ ਇਸ ਦੌਰੇ ਚ ਰੋਗੀ ਪੀਲਾ ਪੈ ਜਾਂਦਾ ਹੈ,ਚਿੰਤਤ ਰਹਿੰਦਾ ਹੈ ਅਤੇ ਪਸੀਨੇ ਨਾਲ ਲਥਪਥ ਹੁੰਦਾ ਹੈ,ਬੁੱਲ੍ਹਾਂ ਤੇ ਧੁੰਦਲਾਪਣ ਰਹਿੰਦਾ ਹੈ। ਸਾਹ ਪੀਕ੍ਰਿਆ ਦੇ ਸਹਾਇਕ ਪੱਠੇ ਤਣੇ ਹੋਏ ਦਿਸਦੇ ਹਨ। ਨਬਜ਼ ਦੀ ਰਫਤਾਰ ਵੱਧ ਜਾਂਦੀ ਹੈ, ਸੀਨਾ ਫੁੱਲਿਆ ਹੋਇਆ ਦਿੱਸਦਾ ਹੈ। ਸਾਂ-ਸਾਂ ਦੀ ਆਵਾਜ਼ ਤੇਜ਼ ਹੁੰਦੀ ਜਾਂਦੀ ਹੈ, ਪੂਰੀਆਂ ਵੱਖੀਆਂ(ਛਾਤੀ) ਦੇ ਚਾਰੇ ਪਾਸੇ ਸੀਟੀਆਂ ਹੀ ਸੀਟੀਆਂ ਸੁਣਾਈ ਦਿੰਦੀਆਂ ਹਨ। ਪੁਰਾਣਾ ਦਮਾ:-

ਇਸ ਪ੍ਰਕਾਰ ਦਾ ਦਮਾ ਪਰਵੇਗੀ ਨਹੀਂ ਹੁੰਦਾ ਕਿਉਂਕਿ ਸਾਹ ਮਾਰਗ ਚ ਪੁਰਾਣੀ ਇਨਫੈਕਸ਼ਨ ਬਣੀ ਰਹਿੰਦੀ ਹੈ। ਇਸ ਲਈ ਸਾਹ ਨਲਕੀਆਂ ਦਾ ਭੀੜਾ ਹੋਣਾ ਸੁਭਾਵਿਕ ਹੈ ਅਤੇ ਇਸ ਦੇ ਸਿੱਟੇ ਵਜੋਂ ਬਹੁਤ ਕਸ਼ਟਦਾਇਕ ਸਥਾਈ ਤੌਰ ਤੇ ਹੋਣਾ ਨਿਸ਼ਚਿਤ ਹੈ। ਸੀਨੇ ਦੇ ਦੋਨੋਂ ਪਾਸੇ ਹਰ ਵਕਤ ਆਮ ਤੌਰ ਤੇ ਇਨਫੈਕਸ਼ਨ ਦੀ ਤੀਬਰਤਾ ਦੇ ਅਨਕੂਲ ਸੀਟੀਆਂ ਤੇ ਕੜਕੜ ਸੁਣਾਈ ਦਿੰਦੀਆਂ ਹਨ। ਵਿੱਚ ਵਿੱਚ ਸਾਹ ਦਾ ਕਸ਼ਟ ਘੱਟਦਾ ਵਧਦਾ ਰਹਿੰਦਾ ਹੈ। ਪੁਰਾਣਾ ਦਮਾ,ਅੱਧਖੜ ਉਮਰ, ਬੁਢਾਪੇ 'ਚ ਖਾਸ ਕਰਕੇ ਮੌਸਮ ਦੀ ਤਬਦੀਲੀ (ਬਰਸਾਤਾਂ ਤੇ ਸਰਦੀਆਂ ਖਾਸ ਕਰਕੇ) ਉਭਰਦਾ ਹੈ ਅਤੇ ਪ੍ਰੇਸ਼ਾਨ ਕਰਦਾ ਹੈ। ਆਈਜੀਈ ਦਾ ਪੱਧਰ ਇਸ ਚ ਆਮ ਦੀ ਤਰ੍ਹਾਂ ਰਹਿੰਦਾ ਹੈ। ਇਸ ਵਿੱਚ ਸਾਹ ਪ੍ਰਣਾਲੀ ਦੀ ਸਹਾਇਕ ਦਵਾਈਆਂ ਦਾ ਅਸਰ ਵੱਧ ਚੰਗਾ ਨਹੀਂ ਹੁੰਦਾ। ਕਿਸੇ ਵੀ ਦੌਰੇ ਚ ਜੇ ਆਰਾਮ ਚਾਹੁੰਦੇ ਹੋ ਤਾਂ ਇਨਹੇਲਰ (ਦਵਾਈ ਵਾਲੀ ਭਾਫ ਸੁੰਘਣ ਦਾ ਸਿਸਟਮ) ਜਰੂਰ ਵਰਤਣਾ ਚਾਹੀਦਾ ਹੈ।

ਦਮੇ/ਅਸਥਮੇ ਦੀ ਜਾਂਚ:-

(1)ਖ਼ੂਨ ਦੀ ਜਾਂਚ:

ਪ੍ਰਸੰਗਿਕ ਦਮੇ ਵਿੱਚ (ਜਦ ਤੱਕ ਕੋਈ ਇਨਫੈਕਸ਼ਨ ਨਾ ਹੋਈ ਹੋਵੇ) ਪੂਰਨ ਸਫੈਦ ਸੈੱਲ ਗਿਣਤੀ (ਟੀਐਲਸੀ) ਥੋੜ੍ਹੀ ਵਧੀ ਹੁੰਦੀ ਹੈ,ਈਓਸੀਨੋਫਿਲ ਸੈੱਲਾਂ ਦੀ ਗਿਣਤੀ ਵੀ ਵਧੀ ਹੁੰਦੀ ਹੈ।

(2) ਬਲਗਮ ਦੀ ਜਾਂਚ:

ਪ੍ਰਸੰਗਿਕ ਦਮੇ ਚ ਬਲਗਮ ਗਾੜ੍ਹੀ ਤੇ ਸਫੈਦ ਹੁੰਦੀ ਹੈ। ਪੀਲੀ ਬਲਗਮ ਦਾ ਮਤਲਬ ਸਾਹ ਨਾਲੀਆਂ ਦੀ ਇਨਫੈਕਸ਼ਨ ਹੁੰਦਾ ਹੈ। ਖ਼ੁਰਦਬੀਨ ਨਾਲ ਦੇਖਣ ਵੇਲੇ ਇਸ ਵਿੱਚ ਮਿਊਕਸ ਦੇ ਧਾਗੇ, ਸਫੈਦ ਸੈੱਲ (ਖਾਸ ਕਰਕੇ ਈਓਸੀਨੋਫਿਲ) ਤੇ ਕਦੇ ਕਦੇ ਸੀ-ਐੱਲ ਕ੍ਰਿਸਟਲ ਪਾਏ ਜਾਂਦੇ ਹਨ।


ਫੇਫੜਿਆਂ ਦੀ ਫਲੋਰੋਸਕੋਪੀ (ਐਲਐਫਟੀ) ਕਰਨ ਨਾਲ ਪਤਾ ਲੱਗ ਜਾਂਦਾ ਹੈ ਕਿ ਇਸ ਦਾ ਪੈਟਰਨ ਅੜਿੱਕੇ ਵਾਲਾ (ਰੈਸਟਰਿਕਟਿਵ) ਹੈ ਜਾਂ ਸੁੰਗੜਨ ਵਾਲਾ ( ਕੌਂਸਟਰਿਕਟਿਵ) ਹੈ। ਐਲਰਜੀ ਕਾਰਕ ਪਦਾਰਥਾਂ ਦੀ ਪਹਿਚਾਣ ਲਈ ਜਾਂਚ ਵੀ ਫਾਇਦੇਮੰਦ ਹੈ।

ਦਮੇ ਦੇ ਦੌਰਿਆਂ ਤੋਂ ਬੱਚਣ ਦੇ ਉਪਾਅ:

ਰੋਗੀ ਨੂੰ ਸੰਭਾਵਿਤ ਜਾਂ ਜਾਣੇ ਪਹਿਚਾਣੇ ਅਲਰਜੀਕਾਰਕ ਪਦਾਰਥਾਂ ਤੋਂ ਬਚਣਾ ਚਾਹੀਦਾ ਹੈ ਅਤੇ ਜੇ ਸੰਭਵ ਹੋਵੇ ਤਾਂ ਅਲਰਜੀਕਾਰਕ ਪਦਾਰਥਾਂ ਜਿਵੇਂ ਧੂੜ,ਮਿੱਟੀ,ਫੱਕ, ਝਾੜਪੂੰਝ,ਪ੍ਰਾਗ ਕਣ,ਪ੍ਰਫਿਊਮ ਦੀ ਹਵਾ,ਪਾਊਡਰ,ਧੂੰਆਂ ਜਾਂ ਅਲਰਜੀਕਾਰਕ ਖੁਰਾਕੀ ਪਦਾਰਥਾਂ ਜਿਵੇਂ: ਝੀਂਗਾ ਮੱਛੀ,ਅੰਡਾ,ਮੀਟ,ਮਸ਼ਰੂਮ,ਦਹੀਂ, ਕੇਲਾ,ਖਟਿਆਈ,ਵੱਧ ਠੰਢੀਆਂ ਚੀਜ਼ਾਂ ਆਦਿ ਤੋਂ ਪ੍ਰਹੇਜ਼ ਰੱਖੋ। ਰੋਗੀ ਨੂੰ ਹਮੇਸ਼ਾਂ 'ਇਨਹੇਲਰ' ਨਾਲ ਹੀ ਰੱਖਣਾ ਚਾਹੀਦਾ ਹੈ ਅਤੇ ਉਸ ਦੀ ਦਵਾ ਸੈੱਟ ਰਖਣੀ ਚਾਹੀਦੀ ਹੈ। ਡਾਕਟਰ ਦੀ ਦੱਸੀ ਦਵਾ ਨਿਯਮਤ ਰੂਪ ਵਿੱਚ ਲੈਂਦੇ ਰਹੋ ਤਾਂ ਕਿ ਅਚਾਨਕ ਦਮੇ ਦਾ ਦੌਰਾ ਉੱਠਣ ਤੇ ਬਹੁਤੀ ਪੇਸ਼ਾਨੀ ਨਾ ਹੋਵੇ। ਖੁੱਲ੍ਹੀ ਹਵਾ ਤੇ ਸਾਫ਼ ਸੁਥਰੇ ਮਾਹੌਲ ਚ ਲੰਮੇ ਸਾਹ ਲਵੋ। ਤਾਂ ਹੀ ਸਾਹ/ਫੇਫੜਿਆਂ ਦੇ ਰੋਗਾਂ ਤੋਂ ਬਚਿਆ ਜਾ ਸਕਦਾ ਹੈ।

ਡਾ: ਅਜੀਤਪਾਲ ਸਿੰਘ ਐੱਮ ਡੀ,
ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ,
9815629301

## ਜੀਣਾ ਹੀ ਹਰਾਮ ਹੋ ਰਿਹਾ )



ਇੱਥੇ ਭਾਈ ਭਾਈ ਦੀਆਂ ਜੜ੍ਹਾਂ ਨੇ ਵੱਢਦੇ,
ਪਰਿਵਾਰਾਂ ਵਿੱਚ ਘਮਸਾਨ ਹੋ ਰਿਹਾ ।
ਉਂਞ ਭਾਈ ਦੇ ਭਾਈ ਕੋਈ ਕੰਮ ਨਾ ਆਵੇ,
ਜੇਕਰ ਆਵੇ ਤਾਂ ਅਹਿਸਾਨ ਹੋ ਰਿਹਾ ।
ਇਥੇ ਲਹੂ ਨੇ ਚਿੱਟੇ ਐਸੇ ਹੋਏ,
ਸਾਰਾ ਵੀਰੋ ਬਾਗ ਵੈਰਾਨ ਹੋ ਰਿਹਾ ।
ਅੱਜ ਲੂਤੀ ਲਾਉਣ ਦਾ ਕੰਮ ਸਿਖਰ ਤੇ,
ਸਭ ਨੂੰ ਇਸ ਦਾ ਗਿਆਨ ਹੋ ਰਿਹਾ ।
ਸੰਯੁਕਤ ਪਰਿਵਾਰ ਕੋਈ ਦੀਹਦੈਂ ਕਿਧਰੇ?
ਵੱਡਾ ਇਹ ਇਮਤਿਹਾਨ ਹੋ ਰਿਹਾ ।
ਇਥੇ ਕੋਈ ਨਾ ਸਮਝੇ ਬੰਦੇ ਨੂੰ ਬੰਦਾ,
ਰੱਬ ਵੀ ਵੇਖ ਹੈਰਾਨ ਹੋ ਰਿਹਾ ।
ਰਿਸ਼ਤਿਆਂ ਦਾ ਹੈ ਘਾਣ ਹੋ ਰਿਹਾ ।
ਦੋਸਤੋ ਇਹ ਸ਼ਰੇਆਮ ਹੋ ਰਿਹਾ ॥
ਕਿਤੇ ਦਿਸਦਾ ਨਹੀਂ ਪੰਜਾਬ ਪੁਰਾਣਾ,
ਬਿਲਕੁਲ ਬੀਆਬਾਨ ਹੋ ਰਿਹਾ ।
ਆਪਸ ਦੇ ਵਿੱਚ ਪਿਆਰ ਰਿਹਾ ਨਾ,
ਓਪਰਿਆਂ ਦੇ ਸਾਮਾਨ ਹੋ ਰਿਹਾ ।
ਦੱਸਦੇ ਪਹਿਲੇ ਯੁੱਗ ਸੀ ਚੰਗੇ ਬਾਹਲੇ,
ਪਰ ਕਲਯੁਗ ਬੇਈਮਾਨ ਹੋ ਰਿਹਾ ।
ਹੈ ਇਹ ਸਦੀ 21 ਵੀਂ ਕੇਹੀ ਤਰੱਕੀ?
ਸਭ ਕੁਝ ਲਹੂ ਲੁਹਾਨ ਹੋ ਰਿਹਾ ।
ਸਾਨੂੰ ਐਸੀ ਤਰੱਕੀ ਨਹੀਂ ਚਾਹੀਦੀ,
ਦੱਦਾਹੂਰੀਆ ਜੀਣਾ ਹੀ ਹਰਾਮ ਹੋ ਰਿਹਾ ।

ਜਸਵੀਰ ਸ਼ਰਮਾ ਦੱਦਾਹੂਰ
ਸ਼੍ਰੀ ਮੁਕਤਸਰ ਸਾਹਿਬ
95691-49556

**ਆਪਣੇ ਕਾਰੋਬਾਰ ਨੂੰ ਵਧਾਉਣ ਲਈ**
**ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**
**info@cee7news.com**

## ਹੁਣ ਕੀ ਕਰਾਂਗਾ"



ਬਾਬਾ ਤੇਰੇ ਸ਼ਬਦ ਨੂੰ ਅਸਾਂ ਕਦੇ ਮੰਨਿਆ ਨਾ,
ਤੇਰੀ ਸ਼ੀਸ਼ੇ ਵਿੱਚ ਮੜ੍ਹੀ ਤਸਵੀਰ ਕੀ ਕਰਾਂਗਾ।

ਸ਼ੋਸ਼ਲ ਮੀਡੀਏ ਤੇ ਰੁਲ੍ਹ ਗਈ ਅੱਜ ਦੀ ਹੀਰ,
ਦੱਸੋ ਮੇਰੇ ਲੋਕੋ ਇਹੋ ਜਿਹੀ ਹੀਰ ਕੀ ਕਰਾਂਗਾ।

ਝੂਠੇ ਵਿਕਾਸ ਵਾਲੇ ਛੱਡਣ ਤੀਰ ਸਰਕਾਰਾਂ,
ਇਨ੍ਹਾਂ ਦੇ ਵਿਕਾਸ ਵਾਲੇ ਫੋਕੇ ਤੀਰ ਕੀ ਕਰਾਂਗਾ।

ਜੇਕਰ ਦਿਲ ਤੋਂ ਨਾ ਜਾਣਿਆ ਦੁੱਖ ਕਿਸੇ ਦਾ,
ਮੱਗਰਮੱਛ ਵਾਲੇ ਵਹਾਏ ਨੀਰ ਕੀ ਕਰਾਂਗਾ।

ਜਿਸ ਬੰਦੇ ਦੀ ਏਥੇ ਮਰ ਗਈ ਜ਼ਮੀਰ ਵੀਰੋ,
ਉਸ ਦੀ ਇਹ ਮਰੀ ਹੋਈ ਜ਼ਮੀਰ ਕੀ ਕਰਾਂਗਾ।

ਮੂੰਹ ਤੋਂ ਸਦਾ ਰਾਮ,ਰਾਮ ਤੇ ਬਗ਼ਲ ਵਿੱਚ ਛੁਰੀ,
ਦੱਸੋ ਵੀਰੋ ਇਹੋ ਜਿਹੇ ਭੈਣ ਵੀਰ ਕੀ ਕਰਾਂਗਾ।

ਜਿਊਂਦਿਆਂ ਨਾ ਕੀਤੀ ਕਦੇ ਸੇਵਾ ਮਾਪਿਆਂ ਦੀ,
ਮੋਇਆ ਮੈਂ ਮਾਹਲ ਪੂੜੇ ਤੇ ਖੀਰ ਕੀ ਕਰਾਂਗਾ।


"ਲਹਿਰੀ" ਜਿਊਂਦੈ ਕਰੋ ਦਾਨ ਸ਼ਰੀਰ ਆਪਣਾ,
ਬਾਅਦ ਵਿੱਚ ਮਿੱਟੀ ਹੋਏ ਸ਼ਰੀਰ ਕੀ ਕਰਾਂਗਾ।

ਜਿਹੜੇ ਚੰਗੇ ਖਾਣੇ ਦੀ ਏਥੇ ਆਸ ਨੇ ਰੱਖੀ ਬੈਠੇ,
ਇਹੋ ਜਿਹੇ ਇਸ ਧਰਤੀ ਤੇ ਫਕੀਰ ਕੀ ਕਰਾਂਗਾ।

ਬਾਬੇ ਦੀਪ ਸਿੰਘ ਦੇ ਸ਼ੀਸ਼ ਦਾ ਨਾ ਪਾਇਆ ਮੁੱਲ,
ਤੇ ਹੁਣ ਲਿਸ਼ਕਦੀ ਹੋਈ ਸ਼ਮਸ਼ੀਰ ਕੀ ਕਰਾਂਗਾ।

ਬਲਬੀਰ ਸਿੰਘ ਲਹਿਰੀ
ਮੀਆਂ ਪੁਰ
ਤਰਨ ਤਾਰਨ
ਮੋਬਾਈਲ 9815467002

## ਵਾਹਿਗੁਰੂ ਜੀ
## ਖ਼ਾਲਸੇ ਦੀ ਮਾਤਾ -ਮਾਤਾ ਸਾਹਿਬ ਕੌਰ ਜੀ। ਕਬਿੱਤ ਛੰਦ



ਮਾਂ ਜੋ ਪੰਥ ਖ਼ਾਲਸੇ ਦੀ ,ਨਾਮ ਹੈ ਜੀ ਸਾਹਿਬ ਕੌਰ,
ਸਾਰੀ ਹੀ ਉਮਰ ਵੱਡੀ , ਘਾਲਣਾ ਹੈ ਘਾਲਦੀ।
ਚੇਤਨਾ ਮਹਾਨ ਉਹਦੀ,ਨਾਰੀ ਇੱਕ ਹੁੰਦਿਆਂ ਵੀ,
ਜਤ ਅਤੇ ਸਤ ਵਾਲੀ, ਗਠੜੀ ਸੰਭਾਲਦੀ।
ਜੀਤੋ ਮਾਂ ਦੇ ਜਾਣ ਪਿੱਛੋਂ, ਬੱਚਿਆਂ ਦੀ ਬਣ ਮਾਤਾ,
ਕਰਦੀ ਸੰਭਾਲ ਨਾਲੇ, ਪ੍ਰੇਮ ਨਾਲ ਪਾਲਦੀ।
ਪਿੰਡ ਰੋਹਤਾਸ ਵਾਲੀ,ਧੀ ਰਾਮਦਾਸ ਜੀ ਦੀ,
ਦੁਨੀਆਂ ਚ ਨਹੀਂ ਕੋਈ, ਹੋਣੀ ਇਨ੍ਹਾਂ ਨਾਲ ਦੀ।
2- ਦਿੱਲੀ ਵੱਲ ਕੂਚ ਕੀਤਾ, ਕਿਲ੍ਹਾ ਜਦੋਂ ਛੱਡਿਆ ਸੀ,
ਸੁੰਦਰੀ ਜੀ ਮਾਤਾ ਅਤੇ,ਕੁਝ ਸਿੰਘਾਂ ਨਾਲ਼ ਜੀ।
ਜੰਗ ਚਮਕੌਰ ਵਾਲੀ,ਹੋਈ ਸੀ ਖ਼ਤਮ ਜਦੋਂ,
ਸਾਬੋ ਤਲਵੰਡੀ ਆ ਕੇ, ਕੀਤਾ ਸੀ ਸਵਾਲ ਜੀ।
ਪਤੀ ਦੇਵ ਕਿਤੇ ਮੈਨੂੰ, ਨਜ਼ਰ ਨਹੀਂ ਜੀ ਆਉਂਦੇ,
ਕਿੱਥੇ ਨੇ ਛੁਪਾਏ ਤੁਸੀਂ, ਦੱਸੋ ਸਾਡੇ ਬਾਲ ਜੀ।
ਗੁਰਾਂ ਨੇ ਜਵਾਬ ਦਿੱਤਾ,ਦੇਖ ਵੱਲ ਖ਼ਾਲਸੇ ਦੇ,
ਇਨ੍ਹਾਂ ਲਈ ਵਾਰ ਦਿੱਤੇ, ਅਸੀਂ ਚਾਰੇ ਲਾਲ ਜੀ।
3- ਹੋਈ ਦਿਲਗੀਰ ਮਾਤਾ,ਸੁਣੇ ਸੀ ਸ਼ਬਦ ਜਦੋਂ,
ਗੁਰੂ ਦਸ਼ਮੇਸ਼ ਉਦੋਂ, ਮੁੱਖੋਂ ਫ਼ੁਰਮਾਇਆ ਸੀ।
ਚਲੇ ਗਏ ਚਾਰ ਭਾਵੇਂ, ਲੱਖਾਂ ਨੇ ਜਿਉਂਦੇ ਅਜੇ,
ਖ਼ਾਲਸੇ ਹੀ ਪੁੱਤ ਮੇਰੇ, ਉਨ੍ਹਾਂ ਸਮਝਾਇਆ ਸੀ।
ਪੁੱਤਰ ਦੀ ਇੱਛਾ ਜਦੋਂ, ਕੀਤੀ ਮਾਤਾ ਸਾਹਿਬ ਕੌਰ,
ਨਾਦੀ ਪੁੱਤ ਖ਼ਾਲਸੇ ਨੂੰ, ਉਨ੍ਹਾਂ ਝੋਲੀ ਪਾਇਆ ਸੀ।
ਖ਼ਾਲਸੇ ਦੀ ਮਾਤਾ ਬਣ,ਹੋਈ ਵੱਡਭਾਗੀ ਉਦੋਂ,
ਇੱਕ ਫ਼ਲ ਮੰਗਦੀ ਨੂੰ, ਬਾਗ਼ ਹੀ ਸੰਭਾਇਆ ਸੀ।
4- ਗੁਰੂ ਜੀ ਦੇ ਨਾਲ ਜਾ ਕੇ, ਧਰਤੀ ਨੰਦੇੜ ਦੀ ਤੇ,
ਹੀਰਾ ਘਾਟ ਉੱਤੇ ਤਪ, ਤੇਜ਼ ਨੂੰ ਕਮਾਇਆ ਸੀ।
ਅੰਤ ਸਮਾਂ ਆਇਆ ਦੇਖ ,ਗੁਰੂ ਜੀ ਨੇ ਆਪਣਾ ਤਾਂ,
ਸ਼ਸਤਰ ਪੰਜ ਦੇ ਕੇ, ਦਿੱਲੀ ਭਿਜਵਾਇਆ ਸੀ।
ਬੰਦਗੀ ਭਜਨ ਨਾਲੇ, ਸੇਵਾ ਤੇ ਸੰਭਾਲ ਕੀਤੀ,
ਆਪਣਾ ਜੀਵਨ ਉਨ੍ਹਾਂ, ਗੁਰਾਂ ਲੇਖੇ ਲਾਇਆ ਸੀ।
ਕੀਤੀ ਅਗਵਾਈ ਉਨ੍ਹਾਂ, ਪਿੱਛੋਂ ਪੰਥ ਖ਼ਾਲਸੇ ਦੀ,
ਮਾਤਾ ਹੋਣ ਵਾਲਾ ਪੂਰਾ, ਫਰਜ਼ ਨਿਭਾਇਆ ਸੀ।

ਰਜਨੀਸ਼ ਕੌਰ ਬਬਲੀ, ਬਰਨਾਲਾ।

## ਜ਼ਮੀਨ ਦੀ ਉਪਜਾਊ ਸ਼ਕਤੀ ਬਣਾਏ ਰੱਖਣ ਲਈ ਸਮੇਂ ਦੀਆਂ ਹਾਣੀ ਤਕਨੀਕਾਂ ਨੂੰ ਅਪਣਾਇਆ ਜਾਵੇ : ਡਾ ਭੁਪਿੰਦਰ ਸਿੰਘ ਏਓ

# ਭੱਗੂਪੁਰ ਵਿਖੇ 50 ਏਕੜ ਰਕਬੇ ਵਿੱਚ ਸਮਾਰਟ ਸੀਡਰ ਨਾਲ ਬਿਜਾਈ ਦੀ ਸ਼ੁਰੂਆਤ



ਚੋਹਲਾ ਸਾਹਿਬ 1 ਨਵੰਬਰ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ਡਿਪਟੀ ਕਮਿਸ਼ਨਰ ਤਰਨ ਤਾਰਨ, ਸ੍ਰੀ ਰਾਹੁਲ ਆਈ.ਏ.ਐੱਸ. ਦੇ ਦਿਸ਼ਾ-ਨਿਰਦੇਸ਼ ਅਤੇ ਮੁੱਖ ਖੇਤੀਬਾੜੀ ਅਫ਼ਸਰ ਤਰਨ ਤਾਰਨ ਡਾ. ਤੇਜਬੀਰ ਸਿੰਘ ਦੀ ਦੇਖ-ਰੇਖ ਹੇਠ ਜ਼ਿਲ੍ਹਾ ਪ੍ਰਸ਼ਾਸਨ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਰੋਕਣ ਸਬੰਧੀ ਨਿਗਰਾਨੀ ਅਤੇ ਜਾਗਰੂਕ ਕਰ ਰਿਹਾ ਹੈ। ਨਿਰੀਖਣ ਦੌਰਾਨ ਡਾ. ਭੁਪਿੰਦਰ ਸਿੰਘ, ਬਲਾਕ ਖੇਤੀਬਾੜੀ ਅਫ਼ਸਰ, ਪੱਟੀ ਨੇ ਪਿੰਡ ਭੱਗੂਪੁਰ ਵਿਖੇ ਉੱਦਮੀ ਕਿਸਾਨਾਂ ਦੁਆਰਾ ਪਰਾਲੀ ਨੂੰ ਖੇਤ ਵਿੱਚ ਹੀ ਰੱਖ ਕੇ ਅਪਣਾਈਆਂ ਵੱਖ-ਵੱਖ ਤਕਨੀਕਾਂ ਪੀਏਯੂ ਸਮਾਰਟ ਸੀਡਰ, ਹੈਪੀ ਸੀਡਰ ਅਤੇ ਸੁਪਰ ਸੀਡਰ ਦਾ ਨਿਰੀਖਣ ਕੀਤਾ।

ਇਸ ਮੌਕੇ ਪਿਛਲੇ ਸੱਤ ਸਾਲ ਤੋਂ ਉੱਦਮ ਅਤੇ ਉਤਸਾਹ ਨਾਲ ਪਰਾਲੀ ਪ੍ਰਬੰਧਨ ਕਰ ਰਹੇ ਜੁਗਰਾਜ ਸਿੰਘ ਨੇ ਦੱਸਿਆ ਕਿ ਉਸਦੇ ਪਰਿਵਾਰਿਕ ਮੈਂਬਰਾਂ ਦੁਆਰਾ ਪਿਛਲੇ ਸਾਲ 22 ਏਕੜ ਵਿੱਚ ਮਹਿਕਮੇ ਦੁਆਰਾ ਸਬਸਿਡੀ `ਤੇ ਲਈ ਪੀਏਯੂ ਸਮਾਰਟ ਸੀਡਰ ਨਾਲ ਕਣਕ ਦੀ ਬਿਜਾਈ ਕੀਤੀ। ਜਦ ਕਿ 10 ਏਕੜ ਸੁਪਰ ਸੀਡਰ ਅਤੇ ਬਾਕੀ 53 ਏਕੜ ਦੇ ਲਗਭਗ ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਕੀਤੀ ਸੀ। ਸਮਾਰਟ ਸੀਡਰ ਰਾਹੀਂ ਮਿਲੇ ਚੰਗੇ ਨਤੀਜੇ ਨਾਲ ਇਸ ਸਾਲ 50 ਏਕੜ ਸਮਾਰਟ ਸੀਡਰ ਅਤੇ 30 ਏਕੜ ਵਿੱਚ ਹੈਪੀ ਸੀਡਰ ਤੇ ਸੁਪਰ ਸੀਡਰ ਮਸ਼ੀਨ ਨਾਲ ਕਣਕ ਦੀ ਬਿਜਾਈ ਦੀ ਸ਼ੁਰੂਆਤ ਕੀਤੀ ਹੈ।

ਉਨਾਂ ਤਜ਼ਰਬਾ ਸਾਂਝਾ ਕਰਦਿਆਂ ਕਿਹਾ ਕਿ ਜਿੱਥੇ ਹੈਪੀ ਸੀਡਰ ਅਤੇ ਸਮਾਰਟ ਸੀਡਰ ਨਾਲ ਪਰਾਲੀ ਖੇਤ ਵਿੱਚ ਆਸਾਨੀ ਨਾਲ ਹੀ ਸਾਂਭੀ ਜਾਂਦੀ ਹੈ, ਉੱਥੇ ਡੀਜ਼ਲ ਖਰਚਾ ਅਤੇ ਸਮੇਂ ਦੀ ਬੱਚਤ ਹੋ ਜਾਂਦੀ ਹੈ। ਇਹਨਾਂ ਤਕਨੀਕਾਂ ਨੂੰ ਵਰਤਣ ਨਾਲ ਖਾਦ ਅਤੇ ਨਦੀਨ ਨਾਸ਼ਕ ਜ਼ਹਿਰਾਂ `ਤੇ ਖਰਚਾ ਘੱਟ ਹੁੰਦਾ ਹੈ।

ਇਸ ਮੌਕੇ ਡਾ ਭੁਪਿੰਦਰ ਸਿੰਘ ਏਓ, ਸਰਕਲ ਇੰਚਾਰਜ ਪ੍ਰਮਿੰਦਰ ਕੌਰ ਖੇਤੀਬਾੜੀ ਵਿਕਾਸ ਅਫਸਰ ਅਤੇ ਰਜਿੰਦਰ ਕੁਮਾਰ ਖੇਤੀਬਾੜੀ ਵਿਸਥਾਰ ਅਫਸਰ ਨੇ ਦੂਜੇ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਕਾਹਲੀ ਨਾਲ ਖੇਤ ਨੂੰ ਅੱਗ ਲਗਾਉਣ ਦੀ ਬਜਾਏ ਖੇਤੀ ਵਿਗਿਆਨੀਆਂ ਵੱਲੋਂ ਵਿਕਸਿਤ ਸਮੇਂ ਦੀਆਂ ਹਾਣੀ ਤਕਨੀਕਾਂ ਨੂੰ ਵੇਖ ਕੇ ਉਹ ਵੀ ਹੰਭਲਾ ਮਾਰਨ ਤਾਂ ਜੋ ਜਮੀਨ ਦੀ ਉਪਜਾਊ ਸ਼ਕਤੀ ਬਣੀ ਰਹੇ ਅਤੇ ਕੋਈ ਕਾਨੂੰਨੀ ਅੜਚਣ ਵੀ ਨਾ ਬਣੇ। ਉਨਾਂ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਬੀਜ ਨੂੰ ਦੋ ਮਿਲੀਲੀਟਰ ਨਿਊਨਿਕਸ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧਣ ਉਪਰੰਤ ਸਿਉਂਕ ਅਤੇ ਕਾਂਗਿਆਰੀ ਦੀ ਸਮੱਸਿਆ ਘੱਟ ਜਾਂਦੀ ਹੈ। ਇਸ ਮੌਕੇ ਗੁਰਨਾਮ ਸਿੰਘ, ਮਨਜਿੰਦਰ ਸਿੰਘ, ਕਾਰਜ ਸਿੰਘ ਅਤੇ ਗੁਰਦੇਵ ਸਿੰਘ ਤਕਨੀਕੀ ਸਹਾਇਕ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ।

## ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਦੇ ਵਫਦ ਵੱਲੋਂ 7 ਨਵੰਬਰ ਨੂੰ ਤਰਨਤਾਰਨ ਵਿਖੇ ਕਾਲੇ ਚੋਲੇ ਪਾ ਕੇ ਕੀਤਾ ਜਾਵੇਗਾ ਰੋਸ ਮਾਰਚ -



**ਤਰਨ ਤਾਰਨ, 03 ਨਵੰਬਰ | ਗੁਰਪ੍ਰੀਤ ਸਿੰਘ ਕੱਦ ਗਿੱਲ**

ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਸੂਬਾ ਕਨਵੀਨਰ ਗੁਰਜੰਟ ਸਿੰਘ ਕੋਕਰੀ ਦੀ ਅਗਵਾਈ ਹੇਠ ਸੂਬਾ ਕਮੇਟੀ ਦੀ ਮੀਟਿੰਗ ਕੀਤੀ ਗਈ। ਜਿਸ ਵਿੱਚ ਮੋਰਚੇ ਦੇ ਕੋ ਕਨਵੀਨਰ ਰਣਦੀਪ ਸਿੰਘ ਸ੍ਰੀ ਫ਼ਤਹਿਗੜ੍ਹ ਸਾਹਿਬ, ਟਹਿਲ ਸਿੰਘ ਸਰਾਭਾ, ਕੰਵਲਜੀਤ ਸਿੰਘ ਰੋਪੜ, ਦਰਸ਼ੀ ਕਾਂਤ ਰਾਜਪੁਰਾ, ਡਿੰਪਲ ਰੋਹੇਲਾ, ਅੰਮ੍ਰਿਤਪਾਲ ਸਿੰਘ ਬਾਕੀਪੁਰ ਤੇ ਸੂਬਾ ਕਮੇਟੀ ਮੈਂਬਰਜ਼ ਸ਼ਾਮਿਲ ਹੋਏ।ਆਗੂਆਂ ਵੱਲੋਂ ਫੈਸਲਾ ਕੀਤਾ ਗਿਆ ਕਿ ਪੰਜਾਬ ਸਰਕਾਰ ਵੱਲੋਂ 1 ਜਨਵਰੀ 2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਉੱਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੀ ਕੀਤੀ ਜਾ ਰਹੀ ਟਾਲ ਮਟੋਲ ਦੀ ਨੀਤੀ ਦੇ ਰੋਸ ਵਜੋਂ ਤਰਨਤਰਨ ਵਿਖੇ ਹੋ ਰਹੀ ਜਿਮਨੀ ਚੋਣ ਲਈ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਤੋਂ ਪੈਨਸ਼ਨ ਲਾਗੂ ਨਾ ਕਰਨ ਦਾ ਸਵਾਲ ਪੁੱਛਿਆ ਜਾਵੇਗਾ। ਐਕਸ਼ਨ ਦੌਰਾਨ ਮੋਰਚੇ ਵੱਲੋਂ ਸਮੂਹਿਕ ਵਫਦ ਕਾਲੇ ਚੋਲੇ ਪਾ ਕੇ ਮਾਰਚ ਕਰਦੇ ਹੋਏ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੇ ਘਰ ਵੱਲ ਜਾਵੇਗਾ। ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਉਤੇ ਮੁਲਾਜ਼ਮਾਂ ਨਾਲ਼ ਧੋਖਾ ਕਰਨ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਵਲੋਂ 2021 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਦੇ 2 ਲੱਖ ਐਨ ਪੀ ਐਸ ਮੁਲਾਜ਼ਮਾਂ ਨਾਲ਼ ਵਾਅਦਾ ਕੀਤਾ ਸੀ ਕਿ ਉਹਨਾਂ ਦੀ ਸਰਕਾਰ ਬਣਨ ਤੋਂ ਬਾਅਦ 1 ਜਨਵਰੀ 2004 ਤੋਂ ਬਾਅਦ ਭਰਤੀ ਸਾਰੇ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇਗੀ ਪਰ ਸਰਕਾਰ ਦੇ ਸਾਢੇ ਤਿੰਨ ਸਾਲ ਬੀਤ ਜਾਣ ਤੋਂ ਬਾਅਦ ਵੀ ਪੰਜਾਬ ਦੇ ਇੱਕ ਵੀ ਮੁਲਾਜ਼ਮ ਦਾ ਜੀਪੀਐੱਫ ਖਾਤਾ ਨਹੀਂ ਖੋਲ੍ਹਿਆ ਹੈ। ਜਦਕਿ ਰਾਜਸਥਾਨ, ਛੱਤੀਸਗੜ੍ਹ, ਝਾੜਖੰਡ, ਹਿਮਾਚਲ ਪ੍ਰਦੇਸ਼ ਦੀਆਂ ਸੂਬਾ ਸਰਕਾਰਾਂ ਵੱਲੋਂ ਨਵੀਂ ਪੈਨਸ਼ਨ ਸਕੀਮ ਬੰਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰ ਦਿੱਤੀ ਹੈ। ਇਸ ਸਮੇਂ ਆਗੂਆਂ ਵੱਲੋਂ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੀ ਜਾ ਰਹੀ ਯੂਨੀਫਾਈਡ ਪੈਨਸ਼ਨ ਸਕੀਮ ਨੂੰ ਰੱਦ ਕਰਦੇ ਹੋਏ ਪੰਜਾਬ ਸਰਕਾਰ ਤੋਂ 1972 ਦੇ ਪੈਨਸ਼ਨ ਨਿਯਮਾਂ ਅਨੁਸਾਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੀ ਮੰਗ ਕੀਤੀ। ਆਗੂਆਂ ਵੱਲੋਂ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਵਲੋਂ ਸਮੂਹ ਐਨਪੀਐਸ ਮੁਲਾਜ਼ਮਾਂ ਨੂੰ ਲਾਮਬੰਦ ਕਰਕੇ ਤਿੱਖੇ ਸੰਗਰਸ਼ ਦਾ ਐਲਾਨ ਕੀਤਾ ਜਾਵੇਗਾ। ਇਸ ਸਮੇਂ ਕਾਰਜ ਸਿੰਘ ਕੈਰੋਂ, ਬਲਜੀਤ ਸਿੰਘ ਟੌਮ, ਗੁਰਪ੍ਰੀਤ ਮਾੜੀਮੇਘਾ,ਕੁਹਾੜਕਾ, ਅਮਰਦੀਪ ਸਿੰਘ, ਮਲਕੀਤ ਸਿੰਘ, ਖੁਸ਼ਪ੍ਰੀਤ ਸਿੰਘ, ਚਰਨਜੀਤ ਸਿੰਘ, ਸੁਖਵੰਤ ਸਿੰਘ, ਮਨਜੀਤ ਸਿੰਘ ਬੱਲ ਹਾਜ਼ਰ ਸਨ।

## ਤਰਨ ਤਾਰਨ ਜੁਡੀਸ਼ੀਅਲ ਕੌਰਟ ਕੰਮਪਲੈਕਸ ਤਰਨ ਤਾਰਨ ਵਿਖੇ "ਨਸ਼ਿਆਂ ਤੋਂ ਦੂਰ ਰਹੋ" ਵਿਸ਼ੇ ਤੇ ਨੁਕੜ ਨਾਟਕ ਕਰਵਾਇਆ

### ਕੰਵਲਜੀਤ ਸਿੰਘ ਬਾਜਵਾ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਦੀ ਅਗਵਾਹੀ ਹੇਠ ਵਿਜਡਮ ਸਕੂਲ ਆਫ਼ ਐਕੈਡਮਿਕਸ ਐਂਡ ਸਪੋਰਟਸ, ਤਰਨ ਤਾਰਨ ਦੇ ਵਿਦਿਆਰਥੀਆਂ ਵੱਲੋਂ ਜੁਡੀਸ਼ੀਅਲ ਕੌਰਟ ਕੰਮਪਲੈਕਸ ਤਰਨ ਤਾਰਨ ਵਿਖੇ "ਨਸ਼ਿਆਂ ਤੋਂ ਦੂਰ ਰਹੋ" ਵਿਸ਼ੇ ਤੇ ਨੁੱਕੜ ਨਾਟਕ ਪੇਸ਼ ਕੀਤਾ ਗਿਆ

ਚੋਹਲਾ ਸਾਹਿਬ 1 ਨਵੰਬਰ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)ਮਾਨਯੋਗ ਸ਼੍ਰੀ ਕੰਵਲਜੀਤ ਸਿੰਘ ਬਾਜਵਾ, ਪ੍ਰਿੰਸੀਪਲ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਜੀ ਦੀ ਅਗਵਾਹੀ ਹੇਠ ਵਿਜਡਮ ਸਕੂਲ ਆਫ਼ ਐਕੈਡਮਿਕਸ ਐਂਡ ਸਪੋਰਟਸ, ਤਰਨ ਤਾਰਨ ਦੇ ਵਿਦਿਆਰਥੀਆਂ ਵੱਲੋਂ ਜੁਡੀਸ਼ੀਅਲ ਕੌਰਟ ਕੰਮਪਲੈਕਸ ਤਰਨ ਤਾਰਨ ਵਿਖੇ "ਨਸ਼ਿਆਂ ਤੋਂ ਦੂਰ ਰਹੋ" ਵਿਸ਼ੇ ਤੇ ਨੁਕੜ ਨਾਟਕ ਕਰਵਾਇਆ ਗਿਆ। ਇਸ ਸਮੇਂ ਸ਼੍ਰੀ ਪ੍ਰੇਮ ਕੁਮਾਰ, ਅਡੀਸ਼ਿਨਲ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਤਰਨ ਤਾਰਨ, ਸ਼੍ਰੀ ਮਨੋਜ ਕੁਮਾਰ, ਅਡੀਸ਼ੀਨਲ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਤਰਨ ਤਾਰਨ, ਸ਼੍ਰੀਮਤੀ ਪੂਜਾ ਅੰਦੋਤਰਾ, ਅਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਤਰਨ ਤਾਰਨ, ਸ਼੍ਰੀ ਰਵਿੰਦਰਜੀਤ ਸਿੰਘ ਬਾਜਵਾ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ, ਤਰਨ ਤਾਰਨ, ਮਿਸ ਅਮਨਦੀਪ ਕੌਰ ਚਾਹਲ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਤਰਨ ਤਾਰਨ, ਸ਼੍ਰੀ ਅਮਨਦੀਪ ਸਿੰਘ, ਸਿਵਲ ਜੱਜ ਸੀਨੀਅਰ ਡੀਵੀਜ਼ਨ ਤਰਨਨ ਤਾਰਨ, ਮਿਸ ਇੰਦੂ ਬਾਲਾ, ਚੀਫ਼ ਜੁਡੀਸ਼ੀਅਲ ਮੈਜੀਸਟਰੇਟ, ਤਰਨ ਤਾਰਨ, ਮਿਸ ਸ਼ਿਲਪਾ, ਚੀਫ਼ ਜੁਡੀਸ਼ੀਅਲ ਮੈਜੀਸਟਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ, ਸ਼੍ਰੀ ਪੰਕਜ ਵਰਮਾ, ਸਿਵਲ ਜੱਜ ਸੀਨੀਅਰ ਡੀਵੀਜ਼ਨ ਤਰਨ ਤਾਰਨ, ਸ਼੍ਰੀ ਰਮੇਸ਼ ਕੁਮਾਰ, ਸਿਵਲ ਜੱਜ ਜੂਨੀਅਰ ਡੀਵੀਜ਼ਨ, ਤਰਨ ਤਾਰਨ, ਮਿਸ ਮਨਜੋਤ ਕੌਰ, ਸਿਵਲ ਜੱਜ ਜੂਨੀਅਰ ਡੀਵੀਜ਼ਨ, ਤਰਨ ਤਾਰਨ, ਸ਼੍ਰੀ ਜਗਜੀਤ ਸਿੰਘ, ਸਬ ਡੀਵੀਜ਼ਨ ਜੁਡੀਸ਼ੀਅਲ ਮੈਜੀਸਟਰੇਟ, ਪੱਟੀ, ਮਿਸ ਮੌਨਿਕਾ ਚੌਹਾਨ, ਸਬ ਡੀਵੀਜ਼ਨ ਜੁਡੀਸ਼ੀਅਲ ਮੈਜੀਸਟਰੇਟ, ਖਡੂਰ ਸਾਹਿਬ ਅਤੇ ਸ਼੍ਰੀ ਪਰਮਿੰਦਰ ਸਿੰਘ ਢਿੱਲੋਂ, ਬਾਰ ਪ੍ਰਧਾਨ, ਤਰਨ ਤਾਰਨ, ਸ਼੍ਰੀ ਨਵਦੀਪ ਸਿੰਘ, ਡਾਇਰੈਕਟਰ, ਵਿਜਡਮ ਸਕੂਲ ਆਫ਼ ਐਕੈਡਮਿਕਸ ਐਂਡ ਸਪੋਰਟਸ, ਤਰਨ ਤਾਰਨ, ਸਾਰੇ ਵਕੀਲ ਸਾਹਿਬਾਨ ਅਤੇ ਅਦਾਲਤਾ ਦਾ ਸਟਾਫ਼ ਹਾਜ਼ਰ ਰਿਹਾ।

ਇਸ ਨੁੱਕੜ ਨਾਟਕ ਦਾ ਮੁੱਖ ਉਦੇਸ਼ ਲੋਕਾਂ ਅਤੇ ਕਾਨੂੰਨੀ ਭਾਈਚਾਰੇ ਵਿੱਚ ਨਸ਼ਿਆਂ ਦੇ ਹਾਨੀਕਾਰਕ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਉਣਾ ਅਤੇ ਸਮਾਜ ਵਿੱਚੋਂ ਇਸ ਬੁਰਾਈ ਨੂੰ ਖਤਮ ਕਰਨ ਲਈ ਸਾਂਝੇ ਯਤਨਾਂ ਦੀ ਮਹੱਤਤਾ ਬਾਰੇ ਸੁਨੇਹਾ ਦੇਣਾ ਸੀ। ਵਿਦਿਆਰਥੀਆ ਵੱਲੋਂ ਪੇਸ਼ ਕੀਤਾ ਗਿਆ ਨੁੱਕੜ ਨਾਟਕ ਸਾਰੇ ਜੁਡੀਸ਼ੀਅਲ ਅਫ਼ਸਰਾਂ ਵੱਲੋਂ ਪਸੰਦ ਕੀਤਾ ਗਿਆ। ਇਹ ਪਹਿਲ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਅਤੇ ਵਿਜਡਮ ਸਕੂਲ ਆਫ਼ ਐਕੈਡਮਿਕਸ ਐਂਡ ਸਪੋਰਟਸ ਵੱਲੋਂ ਨਸ਼ਾ ਮੁਕਤ ਸਮਾਜ ਦੀ ਸਥਾਪਨਾ ਵੱਲ ਇਕ ਮਹੱਤਵਪੂਰਨ ਕਦਮ ਹੈ ਜੋ ਨੌਜਵਾਨਾਂ ਨੂੰ ਸਿਹਤਮੰਦ ਅਤੇ ਜ਼ਿੰਮੇਵਾਰ ਜੀਵਨ ਜੀਊਣ ਲਈ ਪ੍ਰੇਰਿਤ ਕਰਦੀ ਹੈ।

ਇਸ ਉਪਰੰਤ ਮਾਨਯੋਗ ਸ਼੍ਰੀ ਕੰਵਲਜੀਤ ਸਿੰਘ ਬਾਜਵਾ, ਪ੍ਰਿੰਸੀਪਲ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਵੱਲੋਂ ਸ਼੍ਰੀ ਨਵਦੀਪ ਸਿੰਘ, ਡਾਇਰੈਕਟਰ, ਵਿਜਡਮ ਸਕੂਲ ਆਫ਼ ਐਕੈਡਮਿਕਸ ਐਂਡ ਸਪੋਰਟਸ, ਤਰਨ ਤਾਰਨ ਦਾ ਵਿਸ਼ੇਸ਼ ਤੌਰ ਸਨਮਾਨ ਕੀਤਾ ਗਿਆ ਅਤੇ ਨੁੱਕੜ ਨਾਟਕ ਪੇਸ਼ ਕਰਨ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਹੌਸਲਾ ਅਫ਼ਜਾਈ ਕੀਤੀ ਗਈ ਨਸ਼ਿਆ ਤੋਂ ਹਮੇਸ਼ਾ ਦੂਰ ਰਹਿਣ ਬਾਰੇ ਪ੍ਰੇਰਿਤ ਕੀਤਾ ਗਿਆ।



ਕੰਵਲਜੀਤ ਸਿੰਘ ਬਾਜਵਾ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਦੀ ਅਗਵਾਹੀ ਹੇਠ ਵਿਜਡਮ ਸਕੂਲ ਆਫ਼ ਐਕੈਡਮਿਕਸ ਐਂਡ ਸਪੋਰਟਸ, ਤਰਨ ਤਾਰਨ ਦੇ ਵਿਦਿਆਰਥੀਆਂ ਵੱਲੋਂ ਜੁਡੀਸ਼ੀਅਲ ਕੌਰਟ ਕੰਮਪਲੈਕਸ ਤਰਨ ਤਾਰਨ ਵਿਖੇ "ਨਸ਼ਿਆਂ ਤੋਂ ਦੂਰ ਰਹੋ" ਵਿਸ਼ੇ ਤੇ ਨੁੱਕੜ ਨਾਟਕ ਪੇਸ਼ ਕੀਤਾ ਗਿਆ

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

## ਆਸ਼ਾ ਵਰਕਰਜ ਅਤੇ ਫੈਸਲਈਟੇਟਰ ਸਾਂਝੇ ਮੋਰਚੇ ਨੇ 9 ਨੂੰ ਰੋਸ਼ ਰੈਲੀ ਕਰਨ ਦਾ ਐਲਾਨ



ਗੁਰਪ੍ਰੀਤ ਸਿੰਘ ਕੱਦ ਗਿੱਲ


ਤਰਨ ਤਾਰਨ, 03 ਨਵੰਬਰ ਜ਼ਿਲ੍ਹਾ ਪ੍ਰਧਾਨ ਤਰਨ ਤਾਰਨ ਲਖਵਿੰਦਰ ਕੌਰ ਦੀ ਅਗਵਾਈ ਵਿੱਚ ਇੱਕ ਅਹਿਮ ਮੀਟਿੰਗ ਹੋਈ |ਜਿਸ ਵਿੱਚ ਜ਼ਿਲੇ ਪੱਧਰ,ਪੰਜਾਬ ਤੇ ਆ ਰਹੀਆਂ ਸਮੱਸਿਆਵਾਂ ਬਾਰੇ ਵਿਚਾਰ ਚਰਚਾ ਕੀਤੀ ਗਈ ਮੀਟਿੰਗ ਵਿੱਚ ਹਰਿੰਦਰ ਕੌਰ ਵਲੋ ਸੰਬੋਧਨ ਕੀਤਾ ਕਿ ਪੰਜਾਬ ਭਰ ਵਿੱਚ ਵਰਕਰਾਂ ਦੀਆਂ ਮੰਗਾਂ ਲਮਕ ਅਵਸਥਾ ਵਿੱਚ ਪਈਆ ਹਨ ਅਤੇ ਆਏ ਦਿਨ ਮੁਸ਼ਕਲਾਂ ਵੱਧ ਰਹੀਆਂ ਹਨ ਕੇਂਦਰ ਸਰਕਾਰ ਵੱਲੋਂ ਰੈਗੂਲਰ ਕਰਨ ਕਿ 28000/ਰੁਪਏ ਲਾਗੂ ਕਰਨਾ ਪੰਜਾਬ ਸਰਕਾਰ ਨੂੰ ਲਗਾਤਾਰ ਮੰਗ ਪੱਤਰ ਰਾਹੀ ਸਾਰੀਆਂ ਮੰਗਾਂ ਵਿਸਥਾਰ ਦਿੱਤੀਆਂ ਜਾ ਰਹੀਆਂ ਹਨ |ਜਿਹਨਾਂ ਵਿਚ ਕੱਟਿਆ ਭੱਤਿਆਂ ਨੂੰ ਬਹਾਲ ਕਰਨਾ, ਸੇਵਾ ਮੁਕਤ ਹੋ ਰਹੇ ਵਰਕਰਾਂ ਨੂੰ ਗੁਆਂਢੀ ਰਾਜ ਹਰਿਆਣਾ ਦੀ ਤਰਜ਼ ਤੇ ਸਹਾਇਤਾ ਫੰਡ 5 ਲੱਖ ਰੁਪਏ ਦੇਣਾ ,ਫ਼ੈਸੀਲੀਟੇਟਰ ਦੇ ਟੂਰ ਮਨੀ ਵਿੱਚ ਵਾਧਾਂ ਕਰਨਾ,ਕੀਤੇ ਵਾਅਦੇ ਅਨੁਸਾਰ ਮਿਲਨ ਅਨੁਸਾਰ ਮਿਲਨ ਵਾਲਾ ਫਿੱਕਸ ਭੱਤਾ ਵਧਾ ਕਿ 10 ਹਜਾਰ ਕਰਨਾ| ਇਹ ਮੇਜਰ ਮੰਗਾਂ ਲਈ ਬਾਰ ਬਾਰ ਮੀਟਿੰਗ ਦਾ ਸਮਾਂ ਮੰਗਿਆ ਜਾ ਰਿਹਾ ਸੀ ਕਿਤੇ ਕੋਈ ਸੁਣਵਾਈ ਨਹੀਂ ਹੋਈ ਕਿੱਥੇ ਹੈ ਕਾਨੂੰਨ ਕੌਣ ਸੁਣੇਗਾ ਆਸਾਂ ਦੀ ਪੁਕਾਰ ਜੇਕਰ ਇਸ ਤਰ੍ਹਾਂ ਹੀ ਇੰਨਸੈਟਿੰਵ ਤੇ ਰੋਲਿਆ ਗਿਆ ਤਾਂ ਲੇਬਰ ਕੋਟ ਦਾ ਦਰਵਾਜ਼ਾ ਖੜਕਾਇਆ ਜਾਵੇਗਾ |ਇਹ ਸਾਰੀਆਂ ਮੰਗਾਂ ਮਨਵਾਉਣ ਲਈ ਪੰਜਾਬ ਭਰ ਦੀਆਂ ਸੈਂਕੜਿਆਂ ਦੀ ਗਿਣਤੀ ਵਿਚ ਆਸਾਂ ਵਰਕਰਜ ਤੇ ਫੈਸਿਲੀਟੇਟਰ ਸਾਂਝਾ ਮੋਰਚਾ ਪੰਜਾਬ ਵੱਲੋਂ 9-ਨਵੰਬਰ ਤਰਨਤਾਰਨ ਵਿਖੇ ਹਜ਼ਾਰਾਂ ਦੀ ਗਿਣਤੀ ਵਿੱਚ ਵਰਕਰਾਂ ਪਹੁੰਚ ਕੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਤੇ ਰੋਸ਼ ਪ੍ਰਗਟ ਕਰਨ ਗੀਆ | ਇਸ ਦੇ ਨਿਕਲਣ ਵਾਲੇ ਸਿੱਟਿਆਂ ਦੀ ਪੰਜਾਬ ਸਰਕਾਰ ਆਪ ਜਿੰਮੇਵਾਰ ਹੋਵੇਗੀ। ਇਸ ਮੌਕੇ ਰਮਨਦੀਪ ਕੋਰ, ਪਰਮਜੀਤ ਕੋਰ, ਕੁਲਵੰਤ ਕੋਰ, ਚਰਨਜੀਤ ਕੋਰ, ਰਜਿੰਦਰ ਕੋਰ ਵਲਟੋਹਾ, ਸਰਬਜੀਤ ਕੋਰ ਹਾਜ਼ਰ ਸਨ।

# 9 ਨਵੰਬਰ ਨੂੰ ਐਸ.ਡੀ.ਐਮ. ਦਫ਼ਤਰ ਤਰਨ ਤਾਰਨ ਵਿਖੇ ਤੀਸਰੀ ਵਾਰ ਚੋਣ ਖ਼ਰਚਾ ਰਜਿਸਟਰਾਂ ਦਾ ਕੀਤਾ ਜਾਵੇਗਾ ਮਿਲਾਣ


**ਤਰਨ ਤਾਰਨ, 03 ਨਵੰਬਰ | ਗੁਰਪ੍ਰੀਤ ਸਿੰਘ ਕੱਦ ਗਿੱਲ**

ਤਰਨ ਤਾਰਨ ਉਪ ਚੋਣ ਲਈ ਨਿਯੁਕਤ ਕੀਤੇ ਗਏ ਜਨਰਲ ਅਬਜ਼ਰਵਰ ਸ੍ਰੀਮਤੀ ਪੁਸ਼ਪਾ ਸਤਿਆਨੀ, ਆਈ.ਏ.ਐੱਸ., ਚੋਣ ਖ਼ਰਚਾ ਅਬਜ਼ਰਵਰ ਸ੍ਰੀ ਮਨਜ਼ਰੁਲ ਹਸਨ, ਆਈ.ਆਰ.ਏ.ਐੱਸ. ਅਤੇ ਪੁਲਿਸ ਅਬਜ਼ਰਵਰ ਸ੍ਰੀਮਤੀ ਸ਼ਾਇਨੀ ਐੱਸ., ਆਈ.ਪੀ.ਐੱਸ. ਦੀ ਹਾਜ਼ਰੀ ਵਿੱਚ ਅੱਜ ਐੱਸ.ਡੀ.ਐੱਮ. ਦਫ਼ਤਰ ਤਰਨ ਤਾਰਨ ਵਿਖੇ ਚੋਣ ਲੜ ਰਹੇ ਉਮੀਦਵਾਰਾਂ ਦੇ ਚੋਣ ਖ਼ਰਚਾ ਰਜਿਸਟਰਾਂ ਦਾ ਸ਼ੈਡੋ ਰਜਿਸਟਰਾਂ ਨਾਲ ਮਿਲਾਣ ਕੀਤਾ ਗਿਆ। ਇਸ ਮੌਕੇ ਖ਼ਰਚਾ ਸੈੱਲ ਦੇ ਨੋਡਲ ਅਫ਼ਸਰ ਅਤੇ ਉਪ ਅਰਥ ਤੇ ਅੰਕੜਾ ਸਲਾਹਕਾਰ ਡਾ. ਅਮਨਦੀਪ ਸਿੰਘ ਵੀ ਹਾਜ਼ਰ ਸਨ। ਇਸ ਮੌਕੇ ਅਬਜ਼ਰਵਰ ਸਾਹਿਬਾਨ ਵੱਲੋਂ ਚੋਣ ਲੜ ਰਹੇ ਹਰੇਕ ਉਮੀਦਵਾਰਾਂ ਦੇ ਚੋਣ ਖ਼ਰਚਾ ਰਜਿਸਟਰਾਂ ਦੀ ਬਰੀਕੀ ਨਾਲ ਜਾਂਚ ਕੀਤੀ ਗਈ ਅਤੇ ਚੋਣਾਂ ਉੱਪਰ ਕੀਤੇ ਗਏ ਖ਼ਰਚੇ ਦੀਆਂ ਐਂਟਰੀਆਂ ਨੂੰ ਚੈੱਕ ਕੀਤਾ ਗਿਆ। ਜਨਰਲ ਅਬਜ਼ਰਵਰ ਸ੍ਰੀਮਤੀ ਪੁਸ਼ਪਾ ਸਤਿਆਨ ਨੇ ਕਿਹਾ ਕਿ ਮਾਣਯੋਗ ਚੋਣ ਕਮਿਸ਼ਨ ਵੱਲੋਂ ਵਿਧਾਨ ਸਭਾ ਚੋਣਾਂ ਵਿੱਚ ਹਿੱਸਾ ਲੈਣ ਵਾਲੇ ਉਮੀਦਵਾਰ ਲਈ 40 ਲੱਖ ਰੁਪਏ ਤੱਕ ਚੋਣ ਖ਼ਰਚੇ ਦੀ ਹੱਦ ਮਿਥੀ ਗਈ ਹੈ ਅਤੇ ਇਸ ਤੋਂ ਵੱਧ ਚੋਣ ਖ਼ਰਚਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਉਮੀਦਵਾਰਾਂ ਵੱਲੋਂ ਰੋਜ਼ਾਨਾ ਆਪਣੇ ਚੋਣ ਖ਼ਰਚ ਨੂੰ ਰਜਿਸਟਰ ਵਿੱਚ ਦਰਜ ਕਰਨਾ ਲਾਜ਼ਮੀ ਹੈ। ਇਸ ਤੋਂ ਇਲਾਵਾ ਚੋਣ ਦਫ਼ਤਰ ਵੱਲੋਂ ਵੀ ਸ਼ੈਡੋ ਰਜਿਸਟਰ ਲਗਾ ਕੇ ਹਰੇਕ ਉਮੀਦਵਾਰ ਦੇ ਚੋਣ ਖ਼ਰਚੇ ਦਾ ਹਿਸਾਬ ਰੱਖਿਆ ਜਾ ਰਿਹਾ ਹੈ।

ਰੋਜ਼ਾਨਾ ਚੋਣ ਖ਼ਰਚਾ ਰਜਿਸਟਰ ਵਿੱਚ ਦਰਜ ਕਰਨ ਦੀਆਂ ਹਦਾਇਤਾਂ



## ਐਮ ਐਸ ਐਮ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ।



ਚੋਹਲਾ ਸਾਹਿਬ 3 ਨਵੰਬਰ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)

ਇਲਾਕੇ ਦੀ ਮਹਾਨ ਵਿੱਦਿਅਕ ਸੰਸਥਾ ਐਮ ਐਸ ਐਮ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਧੁੰਨ ਰੋੜ ਚੋਹਲਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ।ਇਸ ਸਮੇਂ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਚੇਅਰਮੈਨ ਡਾਕਟਰ ਉਪਕਾਰ ਸਿੰਘ ਸੰਧੂ ਨੇ ਦੱਸਿਆ ਕਿ ਇਸਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਮਹਾਨ ਸਿੱਖਿਆਵਾਂ ਅਤੇ ਉਹਨਾਂ ਦੁਆਰਾ ਦਰਸਾਏ ਗਏ ਮਾਰਗ ਤੇ ਚੱਲਣ ਲਈ ਪ੍ਰੇਰਿਤ ਕਰਨਾ ਸੀ।ਇਸ ਵਿੱਚ ਗੁਰੂ ਜੀ ਦੀ ਸਿੱਖਿਆ ਕਿਰਤ ਕਰੋ ਅਤੇ ਨਾਮ ਜਪੋ ਅਤੇ ਵੰਡ ਛਕੋ ਉਪਦੇਸ਼ਾਂ ਬਾਰੇ ਸਮਝਾਇਆ ਗਿਆ ਅਤੇ ਵਿਦਿਆਰਥੀਆਂ ਨੂੰ ਆਪਣੀ ਜਿੰਦਗੀ ਵਿੱਚ ਵਿਦਿਆ ਰਾਹੀਂ ਤਰੱਕੀ ਕਰਕੇ ਉਹਨਾਂ ਦੁਆਰਾ ਦੱਸੇ ਗਏ ਮਾਰਗ ਤੇ ਅਨੁਸਾਰ ਜੀਵਨ ਵਿੱਚ ਚੱਲਣ ਲਈ ਪ੍ਰੇਰਿਤ ਕੀਤਾ ਗਿਆ।ਜਿਸ ਵਿੱਚ ਸਕੂਲ ਦੇ ਚੇਅਰਮੈਨ ਡਾਕਟਰ ਉਪਕਾਰ ਸਿੰਘ ,ਪ੍ਰਿੰਸੀਪਲ ਰਾਕੇਸ਼ ਕੁਮਾਰ ਅਤੇ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ।ਇਯ ਸਮੇਂ ਸਕੂਨ ਦੇ ਚੇਅਰਮੈਨ ਡਾਕਟਰ ਉਪਕਾਰ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆ।ਇਸ ਸਮੇਂ ਸੁਖਮਨੀ ਸਾਹਿਬ ਜੀ ਦੇ ਭੋਗ ਉਪਰੰਤ ਗੁਰੂ ਦਾ ਅਤੁੱਟ ਲੰਗਰ ਵਰਤਾਇਆ ਗਿਆ।

## ਸਵੇਰ ਸੁਨੇਹਾ



ਜਨਮ ਮਰਨ ,ਜ਼ਿੰਦਗੀ ਜਿਉਣ, ਸਮਾਂ (ਵਕਤ) ਉਸ ਪ੍ਰਮਾਤਮਾ ਦੇ ਹਿੱਸੇ ਆਇਆ ਹੈ। ਜਿਸ ਨੂੰ ਅਜੇ ਤੱਕ ਇਹ ਸਭ ਕੁੱਝ ਮਾਣਨ ਵਾਲੇ ਨੇ ਤੱਕਿਆ ਹੀ ਨਹੀਂ। ਸਿਰਫ਼ ਅਖੌਤੀ ਧਾਰਮਿਕ ਬਾਬਿਆਂ ਤੇ ਪਾਖੰਡੀ ਸਾਧਾਂ ਸੰਤਾਂ ਦੇ ਮਗਰ ਲੱਗ ਕੇ, ਕੁਦਰਤ ਦੇ ਨਿਯਮਾਂ ਨੂੰ ਛਿੱਕੇ ਟੰਗ ਕੇ ਵਹਿਮਾਂ ਭਰਮਾਂ ਵਿੱਚ ਪਾਉਂਦੇ ਹੋਏ ਉਨ੍ਹਾਂ,ਜੋ ਆਪਣਾ ਤੋਰੀ ਫੁਲਕਾ ਚੱਲਦਾ ਰੱਖਣ ਲਈ ਲੋਕਾਂ ਨੂੰ ਮਗਰ ਲਾ ਉਸਦਾ ਨਾਂਅ ਵਰਤ ਰਹੇ ਹਨ। ਜਿਸ ਦੀ ਸ੍ਰਿਸ਼ਟੀ ਅਪਰ ਅਪਾਰ ਹੈ।

ਗੁਰਮੀਤ ਸਿੰਘ ਸਿੱਧੂ ਕਾਨੂੰਗੋ ਫਰੀਦਕੋਟ।

8146593089

## ਇੰਡਕ ਆਰਟਸ ਵੈਲਫੇਅਰ ਕੌਂਸਲ ਵੱਲੋਂ ਦਵਿੰਦਰ ਕੌਰ ਖੁਸ਼ ਧਾਲੀਵਾਲ ਚੰਡੀਗੜ੍ਹ ਨੂੰ ਪੰਜਾਬ ਰਤਨ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ

**ਕਲਾ, ਸਾਹਿਤ, ਸੰਗੀਤ, ਸਿੱਖਿਆ, ਗੁਰਮਤਿ ਸੰਗੀਤ ਅਤੇ ਲੋਕ ਸੇਵਾ ਦੇ ਖੇਤਰਾਂ ਨਾਲ ਸੰਬੰਧਿਤ ਦਵਿੰਦਰ ਕੌਰ ਖੁਸ਼ ਧਾਲੀਵਾਲ ਸਮੇਤ ਨਾਮੀ ਵਿਅਕਤੀਆਂ ਨੂੰ ਸਨਮਾਨਿਤ ਕੀਤਾ**



**ਚੋਹਲਾ ਸਾਹਿਬ 1 ਨਵੰਬਰ ( ਸਨਦੀਪ ਸਿੱਧੂ ਪਰਮਿੰਦਰ ਚੋਹਲਾ )**

31 ਅਕਤੂਬਰ (ਗੁਰਪ੍ਰੀਤ ਸਿੰਘ ਮਾਨ) ਇੰਡਕ ਆਰਟਸ ਵੈਲਫੇਅਰ ਕੌਂਸਲ (IAWC) ਵੱਲੋਂ 18ਵਾਂ ਰਾਜ ਪੱਧਰੀ ਰਾਜ ਪੁਰਸਕਾਰ ਸਮਾਰੋਹ – 2025 ਸ਼ਾਨਦਾਰ ਢੰਗ ਨਾਲ ਲਵ ਪੰਜਾਬ ਫਾਰਮ, ਨੈਸ਼ਨਲ ਹਾਈਵੇ-54, ਕੋਟਕਪੂਰਾ ਵਿਖੇ ਆਪਣੀ ਅਮਿੱਟ ਯਾਦਾਂ ਛੱਡ ਸਮਾਪਤ ਹੋਇਆ। ਸੰਸਥਾ ਦੇ ਡਾਇਰੈਕਟਰ ਪ੍ਰੋ. ਬਾਈ ਭੋਲਾ ਯਮਲਾ ਅਤੇ ਸੰਸਥਾ ਦੇ ਸਰਪ੍ਰਸਤ ਹਰਦੀਪ ਸਿੰਘ ਕਿੰਗਰਾ ਹੋਰਾਂ ਦੀ ਯੋਗ ਅਗਵਾਈ ਹੇਠ ਕਰਵਾਏ ਗਏ ਇਸ ਸੂਬਾ ਪੱਧਰੀ ਸਮਾਰੋਹ ਦੇ ਮੁੱਖ ਮਹਿਮਾਨ ਫਰੀਦਕੋਟ ਮੰਡਲ ਕਮਿਸ਼ਨਰ ਸ. ਮਨਜੀਤ ਸਿੰਘ ਬਰਾੜ (ਆਈਏਐਸ) ਰਹੇ, ਸੰਸਥਾ ਦੇ ਚੇਅਰਮੈਨ ਪ੍ਰੋਫੈਸਰ ਬਾਈ ਭੋਲਾ ਯਮਲਾ ਅਤੇ ਭਿੰਦਰਜੀਤ ਕੌਰ ਰੁਪਾਣਾ ਹੋਰਾਂ ਨੇ ਜੋਤ ਜਗਾ ਕੇ ਕੀਤੀ।

,ਬਹੁਤ ਹੀ ਪ੍ਰਭਾਵਸ਼ਾਲੀ ਇਸ ਸਮਾਰੋਹ ਦੌਰਾਨ ਕਲਾ , ਸਾਹਿਤ, ਸੰਗੀਤ, ਸਿੱਖਿਆ, ਗੁਰਮਤਿ ਸੰਗੀਤ ਅਤੇ ਲੋਕ ਸੇਵਾ ਦੇ ਖੇਤਰਾਂ ਨਾਲ ਸੰਬੰਧਿਤ ਦਵਿੰਦਰ ਕੌਰ ਖੁਸ਼ ਧਾਲੀਵਾਲ ਸਮੇਤ ਨਾਮੀ ਵਿਅਕਤੀਆਂ ਨੂੰ ਸਨਮਾਨਿਤ ਕੀਤਾ

ਪੰਜਾਬ ਦੀ ਪ੍ਰਸਿੱਧ ਕਲਾਕਾਰ ਸਰਬਜੀਤ ਚੀਮਾ ਅਤੇ ਉੱਘੇ ਕਨੇਡੀਅਨ ਘੁੱਲੇ ਸ਼ਾਹ ਨੇ ਆਪਣੇ ਪੇਸ਼ਕਾਰੀ ਨਾਲ ਖੂਬ ਰੰਗ ਬੰਨਿਆ ਸਮਾਰੋਹ ਦੌਰਾਨ ਕੌਂਸਲ ਪ੍ਰਕਾਸ਼ਿਤ ਦੋ ਪੁਸਤਕਾਂ — "ਚੁੱਪ ਸ਼ਬਦਾਂ ਦੀ ਗੂੰਜ" ਅਤੇ ਲੇਖਕ ਅਜੈਬ ਸਿੰਘ ਰੁਪਾਣਾ ਦੀ ਪੁਸਤਕ "ਬਰਫ ਦਾ ਸੇਕ" ਕਮਲਜੀਤ ਕੌਰ ਦੀ ਵਿਰਸੇ ਦੇ ਮੋਤੀ, ਕੌਰ ਬਿੰਦ ਦੀ ਪੁਸਤਕ ਬੋਲੀਆਂ ਸਮੇਤ ਪੰਜ ਪੁਸਤਕਾਂ ਦਾ ਲੋਕ ਅਰਪਣ ਵੀ ਕੀਤਾ ਗਿਆ।

ਮੁੱਖ ਮਹਿਮਾਨ ਮਨਜੀਤ ਸਿੰਘ ਬਰਾੜ ਹੋਰਾਂ ਨੇ ਕਿਹਾ ਕਿ ਸੰਸਥਾ ਵੱਲੋਂ ਕੀਤੇ ਜਾ ਰਹੇ ਉਪਰਾਲੇ ਬਹੁਤ ਹੀ ਸ਼ਲਾਘਾਯੋਗ ਹਨ,। ਇਸ ਦੌਰਾਨ ਮੰਚ ਸੰਚਾਲਨ ਸਾਹਿਲ ਕੁਮਾਰ ਹੈਪੀ ਅਤੇ ਨੀਤੂ ਬਾਲਾ ਵੱਲੋਂ ਬਾਖੂਬੀ ਕੀਤਾ ਗਿਆ, ਇਸ ਮੌਕੇ ਵੱਖ-ਵੱਖ ਖੇਤਰਾਂ ਦੇ ਬੁੱਧੀਜੀਵੀ ਲੋਕਾਂ ਸਮੇਤ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ




## ਅੰਕੜੇ ਬੋਲਦੇ ਹਨ: 'ਆਪ' ਸਰਕਾਰ ਵੱਲੋਂ 11.40 ਕਰੋੜ ਜ਼ੀਰੋ ਬਿੱਲ ਜਾਰੀ, 13.50 ਲੱਖ ਕਿਸਾਨਾਂ ਨੂੰ ਵੀ ਮੁਫ਼ਤ ਬਿਜਲੀ: ਹਰਮੀਤ ਸਿੰਘ ਸੰਧੂ



ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨਤਾਰਨ, 3 ਨਵੰਬਰ

ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਤੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ 'ਜ਼ੀਰੋ ਬਿਜਲੀ ਬਿੱਲ' ਦੀ ਗਾਰੰਟੀ ਨੂੰ ਸਫਲਤਾਪੂਰਵਕ ਲਾਗੂ ਕਰਕੇ ਸੂਬੇ ਦੇ ਪ੍ਰਸ਼ਾਸਨਿਕ ਇਤਿਹਾਸ ਵਿੱਚ ਇੱਕ ਨਵਾਂ ਇਤਿਹਾਸ ਲਿਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਇੱਕ ਚੋਣ ਵਾਅਦਾ ਨਹੀਂ, ਸਗੋਂ ਇੱਕ ਕ੍ਰਾਂਤੀਕਾਰੀ ਕਦਮ ਸਾਬਤ ਹੋਇਆ ਹੈ, ਜਿਸ ਨੇ ਆਮ ਆਦਮੀ ਦੀ ਜ਼ਿੰਦਗੀ ਤੋਂ ਇੱਕ ਵੱਡੇ ਵਿੱਤੀ ਬੋਝ ਨੂੰ ਹਮੇਸ਼ਾ ਲਈ ਖ਼ਤਮ ਕਰ ਦਿੱਤਾ ਹੈ। ਸੰਧੂ ਨੇ ਕਿਹਾ ਕਿ ਅੱਜ ਪੰਜਾਬ ਦੇ 90 ਫੀਸਦੀ (90%) ਘਰਾਂ ਦਾ ਬਿਜਲੀ ਬਿੱਲ ਜ਼ੀਰੋ ਆ ਰਿਹਾ ਹੈ, ਜੋ 'ਆਪ' ਸਰਕਾਰ ਦੀ ਸਾਫ਼ ਨੀਅਤ ਅਤੇ ਨੀਤੀ ਦਾ ਪ੍ਰਤੱਖ ਸਬੂਤ ਹੈ।ਹਰਮੀਤ ਸਿੰਘ ਸੰਧੂ ਨੇ ਅੰਕੜੇ ਜਾਰੀ ਕਰਦਿਆਂ ਕਿਹਾ ਕਿ ਇਸ ਯੋਜਨਾ ਦੀ ਸਫਲਤਾ ਦਾ ਸਭ ਤੋਂ ਵੱਡਾ ਸਬੂਤ ਇਹ ਹੈ ਕਿ ਜੁਲਾਈ 2022 ਵਿੱਚ ਇਸ ਦੇ ਲਾਗੂ ਹੋਣ ਤੋਂ ਲੈ ਕੇ 31 ਅਕਤੂਬਰ 2025 ਤੱਕ, ਪੰਜਾਬ ਸਰਕਾਰ ਨੇ ਕੁੱਲ 11,39,43,344 (ਭਾਵ ਲਗਭਗ 11.40 ਕਰੋੜ) 'ਜ਼ੀਰੋ ਬਿਜਲੀ ਬਿੱਲ' ਜਾਰੀ ਕੀਤੇ ਹਨ। ਇਸ ਦੇ ਨਾਲ ਹੀ, ਕੁੱਲ 13,46,32,343 (13.46 ਕਰੋੜ ਤੋਂ ਵੱਧ) ਖਪਤਕਾਰਾਂ ਨੇ ਸਬਸਿਡੀ ਵਾਲੀ ਬਿਜਲੀ ਦਾ ਲਾਭ ਉਠਾਇਆ ਹੈ। ਉਨ੍ਹਾਂ ਦੱਸਿਆ ਕਿ ਇਕੱਲੇ ਅਗਸਤ-ਸਤੰਬਰ 2025 ਦੇ ਇੱਕ ਬਿਲਿੰਗ ਚੱਕਰ ਵਿੱਚ ਹੀ 73,87,460 ਪਰਿਵਾਰਾਂ ਦੇ ਬਿਜਲੀ ਬਿੱਲ ਜ਼ੀਰੋ ਆਏ ਹਨ।ਸੰਧੂ ਨੇ ਕਿਹਾ ਕਿ ਇਸ ਯੋਜਨਾ ਨਾਲ ਆਮ ਪਰਿਵਾਰਾਂ ਨੂੰ ਹਰ ਮਹੀਨੇ ₹1500 ਤੋਂ ₹2000 ਤੱਕ ਦੀ ਸਿੱਧੀ ਬੱਚਤ ਹੋ ਰਹੀ ਹੈ, ਜਿਸ ਦੀ ਵਰਤੋਂ ਉਹ ਆਪਣੇ ਬੱਚਿਆਂ ਦੀ ਸਿੱਖਿਆ ਅਤੇ ਪਰਿਵਾਰ ਦੀਆਂ ਹੋਰ ਜ਼ਰੂਰਤਾਂ 'ਤੇ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਯੋਜਨਾ ਇੱਕ ਵਾਰ ਦੀ ਰਾਹਤ ਨਹੀਂ, ਸਗੋਂ ਸਰਕਾਰ ਦੀ ਮਜ਼ਬੂਤ ਨੀਤੀ ਦਾ ਨਤੀਜਾ ਹੈ। ਵਿੱਤੀ ਸਾਲ 2023-24 ਵਿੱਚ, ਕੁੱਲ 3,59,59,088 (ਲਗਭਗ 3.60 ਕਰੋੜ) 'ਜ਼ੀਰੋ ਬਿੱਲ' ਜਾਰੀ ਕੀਤੇ ਗਏ ਸਨ, ਅਤੇ ਵਿੱਤੀ ਸਾਲ 2024-25 ਵਿੱਚ ਵੀ ਇਹ ਸਿਲਸਿਲਾ ਜਾਰੀ ਰਿਹਾ ਅਤੇ 3,45,77,832 (ਲਗਭਗ 3.46 ਕਰੋੜ) 'ਜ਼ੀਰੋ ਬਿੱਲ' ਦਿੱਤੇ ਗਏ।













# ਆਜਾਦ ਉਮੀਦਵਾਰ ਬੀਬੀ ਹਰਬਿੰਦਰ ਕੌਰ ਉਸਮਾਂ ਨੇ ਪਿੰਡ ਮੁਗਲ ਚੱਕ ਵਿਖੇ ਕੀਤਾ ਚੋਣ ਪ੍ਰਚਾਰ



ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨਤਾਰਨ, 3 ਨਵੰਬਰ

ਤਰਨਤਾਰਨ ਤੋ ਆਜ਼ਾਦ ਤੋਰ ਤੇ ਉਪ ਚੋਣ ਲੜ੍ਹ ਰਹੀ ਬੀਬੀ ਹਰਬਰਿੰਦਰ ਕੌਰ ਵੱਲੋ ਵਿਧਾਨ ਸਭਾ ਹਲਕਾ ਤਰਨ ਤਾਰਨ ਦੇ ਪਿੰਡ ਮੁਗਲ ਚੱਕ ਵਿਖੇ ਆਪਣਾ ਚੋਣ ਪ੍ਰਚਾਰ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਬੀਬੀ ਉਸਮਾਂ ਕਿਹਾ ਕਿ ਸੂਬਾ ਸਰਕਾਰ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕਾਂ ਨਾਲ ਝੂਠੇ ਵਾਅਦੇ ਕਰਕੇ ਸਤਾ ਵਿੱਚ ਆਈ ਹੈ ਜਿਸ ਨੂੰ ਲੋਕ ਮੂੰਹ ਨਹੀਂ ਲਾਉਣਗੇ ਕਿਉਂਕਿ ਇਸ ਸਰਕਾਰ ਦੇ ਲਾਰਿਆਂ ਤੋਂ ਲੋਕ ਤੰਗ ਆ ਚੁੱਕੇ ਹਨ। ਇਸ ਲਈ ਇਸ ਸਰਕਾਰ ਬਦਲਣ ਲਈ ਵੱਡੀ ਪੱਧਰ ਤੇ ਆਜ਼ਾਦ ਪਾਰਟੀ ਦਾ ਸਾਥ ਦੇ ਰਹੇ ਹਨ। ਉਹਨਾਂ ਕਿਹਾ ਕਿ ਇਸ ਸਰਕਾਰ ਦੇ ਵਿੱਚ ਰੋਜਾਨਾ ਹੀ ਜਿੱਥੇ ਮੁਲਾਜ਼ਮਾਂ ਵੱਲੋਂ ਆਪਣੀਆਂ ਤਨਖਾਵਾਂ ਅਤੇ ਹੋਰ ਮੁਸ਼ਕਲਾਂ ਨੂੰ ਲੈ ਕੇ ਲੈ ਕੇ ਧਰਨੇ ਦਿੱਤੇ ਜਾ ਰਹੇ ਹਨ ਉੱਥੇ ਹੀ ਨਿਤ ਦਿਨ ਪੰਜਾਬ ਦੇ ਨੌਜਵਾਨ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ ਜਿਸ ਨੂੰ ਬਚਾਉਣ ਲਈ ਇਸ ਸਰਕਾਰ ਵਿਰੁੱਧ ਇੱਕਜੁੱਟ ਹੋਣਾ ਸਮੇਂ ਦੀ ਲੋੜ ਹੈ। ਉਹਨਾਂ ਕਿਹਾ ਕਿ ਬਹੁਤ ਸਾਰੇ ਮੁਲਾਜ਼ਮ ਜਿੱਥੇ ਆਪਣੀਆਂ ਤਨਖਾਵਾਂ ਲੈਣ ਲਈ ਰੋਸ ਧਰਨੇ ਦੇ ਰਹੇ ਹਨ ਉੱਥੇ ਹੀ ਔਰਤਾਂ ਨੂੰ ਹਜ਼ਾਰ- ਹਜ਼ਾਰ ਰੁਪਏ ਅਤੇ ਉਹਨਾਂ ਦੀ ਪੈਨਸ਼ਨ ਵਿੱਚ ਵਾਧਾ ਕਰਨ ਦੇ ਵਾਅਦੇ ਅੱਜ ਤੱਕ ਖੋਖਲੇ ਸਾਬਤ ਹੋ ਰਹੇ ਹਨ ਇਸ ਲਈ ਲੋਕ ਇਸ ਸਰਕਾਰ ਨੂੰ ਸਤਾ ਵਿੱਚ ਲਿਆ ਕੇ ਪਛਤਾ ਰਹੇ ਹਨ। ਇਸ ਮੌਕੇ ਇਹਨਾਂ ਨਾਲ ਬਾਬਾ ਨਛੱਤਰ ਸਿੰਘ ਜੀ ਸ਼ੇਰਗਿੱਲ ਨੇ ਵੀ ਆਪਣੇ ਵਿਚਾਰ ਪੇਸ਼ ਕਰਦੇ ਹੋਏ ਬੀਬੀ ਹਰਬਿੰਦਰ ਕੌਰ ਉਸਮਾ ਨੂੰ ਜਿਤਾਉਣ ਸਰਕਾਰ ਅਪੀਲ ਕਰਦਿਆਂ ਸੂਬਾ ਸਰਕਾਰ ਵੱਲੋ ਜਨਤਾ ਨਾਲ ਕੀਤੇ ਝੂਠੇ ਵਾਦਿਆਂ ਦੀ ਪੋਲਵੀ ਖੋਲੀ।

ਵਿਧਾਨ ਸਭਾ ਹਲਕਾ ਤਰਨ ਤਰਨ ਦੇ ਪਿੰਡ ਮੁਗਲ ਚੱਕ ਵਿਖੇ ਆਜ਼ਾਦ ਉਮੀਦਵਾਰ ਬੀਬੀ ਹਰਬਿੰਦਰ ਕੌਰ ਉਸਮਾਨ ਦੇ ਹੱਕ ਵਿਚ ਚੋਣ ਪ੍ਰਚਾਰ ਕਰਦੇ ਬਾਬਾ ਨਛੱਤਰ ਸਿੰਘ ਸ਼ੇਰਗਿਲ ਅਤੇ ਹਾਜ਼ਰ ਪਿੰਡ ਨਿਵਾਸੀ

ਜ਼ਿਮਨੀ ਚੋਣ ਸਵ: ਚੇਅਰਮੈਨ ਬਲਬੀਰ ਸਿੰਘ ਦੇ ਪਰਿਵਾਰ ਵੱਲੋਂ ਬੀਬਾ ਬਾਦਲ ਦਾ ਵਿਸ਼ੇਸ਼ ਸਨਮਾਨ

# 'ਆਪ' ਸਰਕਾਰ ਦਿੱਲੀ ਦਰਬਾਰ ਦੀ ਗੁਲਾਮ, ਕਿਸਾਨਾਂ ਤੇ ਪੱਛੜੇ ਵਰਗਾਂ ਨਾਲ ਕੀਤਾ ਇਤਿਹਾਸਕ ਧੋਖਾ - ਹਰਸਿਮਰਤ ਕੌਰ ਬਾਦਲ



**ਪਾਰਟੀ ਦੀ ਸੀਨੀਅਰ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ, ਪਾਰਟੀ ਦੇ ਮੀਤ ਪ੍ਰਧਾਨ ਅਤੇ ਹਲਕਾ ਖਡੂਰ ਸਾਹਿਬ ਦੇ ਇੰਚਾਰਜ ਰਵਿੰਦਰ ਸਿੰਘ ਬ੍ਰਹਮਪੁਰਾ ਦੀ ਅਗਵਾਈ ਹੇਠ ਪਿੰਡ ਗੋਹਲਵੜ ਵਿਖੇ ਪਹੁੰਚੇ।**

ਚੋਹਲਾ ਸਾਹਿਬ 1 ਨਵੰਬਰ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)ਤਰਨ ਤਾਰਨ ਜ਼ਿਮਨੀ ਚੋਣ ਦੇ ਮੱਦੇਨਜ਼ਰ ਅੱਜ ਸ਼੍ਰੋਮਣੀ ਅਕਾਲੀ ਦਲ ਦੀ ਚੋਣ ਮੁਹਿੰਮ ਨੂੰ ਉਸ ਵੇਲੇ ਵੱਡਾ ਬਲ ਮਿਲਿਆ ਜਦੋਂ ਪਾਰਟੀ ਦੀ ਸੀਨੀਅਰ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ, ਪਾਰਟੀ ਦੇ ਮੀਤ ਪ੍ਰਧਾਨ ਅਤੇ ਹਲਕਾ ਖਡੂਰ ਸਾਹਿਬ ਦੇ ਇੰਚਾਰਜ ਰਵਿੰਦਰ ਸਿੰਘ ਬ੍ਰਹਮਪੁਰਾ ਦੀ ਅਗਵਾਈ ਹੇਠ ਪਿੰਡ ਗੋਹਲਵੜ ਵਿਖੇ ਪਹੁੰਚੇ। ਉਹ ਇੱਥੇ ਸ਼੍ਰੋਮਣੀ ਅਕਾਲੀ ਦਲ ਦੇ ਟਕਸਾਲੀ ਆਗੂ ਰਹੇ ਸਵਰਗੀ ਬਲਬੀਰ ਸਿੰਘ (ਸਾਬਕਾ ਚੇਅਰਮੈਨ) ਦੇ ਗ੍ਰਹਿ ਵਿਖੇ ਉਚੇਚੇ ਤੌਰ 'ਤੇ ਪਹੁੰਚੇ, ਜਿੱਥੇ ਪਰਿਵਾਰਕ ਮੈਂਬਰਾਂ ਨੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਅਤੇ ਜ਼ਿਮਨੀ ਚੋਣ ਸਬੰਧੀ ਇਲਾਕੇ ਦੇ ਮਸਲਿਆਂ 'ਤੇ ਵਿਚਾਰ-ਵਟਾਂਦਰਾ ਕੀਤਾ।

ਇਸ ਮੌਕੇ ਮਾਤਾ ਗੁਰਜੀਤ ਕੌਰ ਅਤੇ ਪਰਿਵਾਰ ਨੇ ਪਾਰਟੀ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਬੀਬਾ ਹਰਸਿਮਰਤ ਕੌਰ ਬਾਦਲ ਅਤੇ ਪਾਰਟੀ ਉਮੀਦਵਾਰ ਬੀਬੀ ਸੁਖਵਿੰਦਰ ਕੌਰ ਰੰਧਾਵਾ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੀਬਾ ਹਰਸਿਮਰਤ ਕੌਰ ਬਾਦਲ ਨੇ 'ਆਪ' ਸਰਕਾਰ 'ਤੇ ਤਿੱਖਾ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਸਿਰਫ਼ ਆਪਣੇ ਆਕਾ ਅਰਵਿੰਦ ਕੇਜਰੀਵਾਲ ਨੂੰ ਖੁਸ਼ ਕਰਨ ਵਿੱਚ ਲੱਗੀ ਹੋਈ ਹੈ ਅਤੇ ਪੰਜਾਬ ਦੇ ਹਿੱਤਾਂ ਨੂੰ ਪੂਰੀ ਤਰ੍ਹਾਂ ਅਣਗੌਲਿਆ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ 'ਆਪ' ਦੋਵਾਂ ਦੀਆਂ ਨੀਤੀਆਂ ਹਮੇਸ਼ਾ ਪੰਜਾਬ ਵਿਰੋਧੀ ਰਹੀਆਂ ਹਨ। ਪਹਿਲਾਂ ਹੜ੍ਹਾਂ ਨੇ ਕਿਸਾਨਾਂ ਦਾ ਲੱਕ ਤੋੜਿਆ, ਫ਼ਿਰ ਮੰਡੀਆਂ ਵਿੱਚ ਕਿਸਾਨ ਰੁਲਿਆ, ਪਰ ਸਰਕਾਰ ਨੇ ਉਨ੍ਹਾਂ ਦੀ ਬਾਂਹ ਨਹੀਂ ਫੜੀ। ਉਨ੍ਹਾਂ ਕਿਹਾ ਕਿ ਸਿਰਫ਼ ਸ਼੍ਰੋਮਣੀ ਅਕਾਲੀ ਦਲ ਹੀ ਉਹ ਪਾਰਟੀ ਹੈ ਜਿਸਨੇ ਹਮੇਸ਼ਾ ਕਿਸਾਨਾਂ ਦੀ ਭਲਾਈ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਹੱਕਾਂ ਦੀ ਗੱਲ ਕੀਤੀ ਹੈ ਅਤੇ ਉਨ੍ਹਾਂ ਨੂੰ ਸਹੂਲਤਾਂ ਦਿੱਤੀਆਂ ਹਨ।

ਸ੍ਰ. ਬ੍ਰਹਮਪੁਰਾ ਨੇ ਬੀਬਾ ਬਾਦਲ ਦਾ ਹਲਕੇ ਵਿੱਚ ਪਹੁੰਚਣ 'ਤੇ ਦਿਲ ਦੀਆਂ ਗਹਿਰਾਈਆਂ ਤੋਂ ਸਵਾਗਤ ਕਰਦਿਆਂ ਕਿਹਾ ਕਿ ਇਸ ਫੇਰੀ ਨੇ ਤਰਨ ਤਾਰਨ ਦੇ ਵਰਕਰਾਂ ਵਿੱਚ ਨਵਾਂ ਜੋਸ਼ ਭਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਉਮੀਦਵਾਰ ਬੀਬੀ ਸੁਖਵਿੰਦਰ ਕੌਰ ਰੰਧਾਵਾ ਦੀ ਜਿੱਤ ਯਕੀਨੀ ਹੈ ਕਿਉਂਕਿ ਲੋਕ 'ਆਪ' ਅਤੇ ਕਾਂਗਰਸ ਦੀਆਂ ਧੋਖੇਬਾਜ਼ ਨੀਤੀਆਂ ਤੋਂ ਅੱਕ ਚੁੱਕੇ ਹਨ। ਇਸ ਮੌਕੇ ਬਲਜਿੰਦਰ ਸਿੰਘ, ਹਰਵਿੰਦਰ ਸਿੰਘ, ਪ੍ਰੋ: ਰਾਜਵਿੰਦਰ ਸਿੰਘ, ਅਮਰਜੀਤ ਸਿੰਘ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਵੱਲੋਂ ਪਿੰਡ ਕਰਮੂਵਾਲਾ ਤੇ ਘੜਕਾ ਮੰਡ ਖੇਤਰ ਵਿਚ ਹੜ੍ਹ ਪੀੜਤ ਕਿਸਾਨਾਂ ਦੀਆਂ ਜ਼ਮੀਨਾਂ ਪੱਧਰੀਆਂ ਕਰਕੇ ਕਣਕ ਬੀਜਣ ਤੱਕ ਦੀ ਸੇਵਾ ਜਾਰੀ

**ਸਰਹਾਲੀ ਸਾਹਿਬ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਅਤੇ ਸੰਤ ਬਾਬਾ ਹਾਕਮ ਸਿੰਘ ਜੀ ਵੱਲੋਂ ਪਿੰਡ ਕਰਮੂਵਾਲਾ ਅਤੇ ਪਿੰਡ ਘੜਕਾ ਦੇ ਹੜ੍ਹ ਪੀੜਤ ਕਿਸਾਨਾਂ ਲਈ ਵੱਡਾ ਰਾਹਤ ਕਾਰਜ ਆਰੰਭਿਆ ਗਿਆ**





ਚੋਹਲਾ ਸਾਹਿਬ 1 ਨਵੰਬਰ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)ਸੰਪਰਦਾਇ ਕਾਰ ਸੇਵਾ ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਸਾਹਿਬ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਅਤੇ ਸੰਤ ਬਾਬਾ ਹਾਕਮ ਸਿੰਘ ਜੀ ਵੱਲੋਂ ਪਿੰਡ ਕਰਮੂਵਾਲਾ ਅਤੇ ਪਿੰਡ ਘੜਕਾ ਦੇ ਹੜ੍ਹ ਪੀੜਤ ਕਿਸਾਨਾਂ ਲਈ ਵੱਡਾ ਰਾਹਤ ਕਾਰਜ ਆਰੰਭਿਆ ਗਿਆ ਹੈ। ਸੰਪਰਦਾਇ ਦੇ ਜਥੇਦਾਰ ਬਾਬਾ ਹਰੀ ਸਿੰਘ ਰੱਤੋਕੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਸਾਲ ਅਗਸਤ ਮਹੀਨੇ ਵਿੱਚ ਆਏ ਹੜ੍ਹਾਂ ਦੌਰਾਨ ਇਹਨਾਂ ਪਿੰਡਾਂ ਦੇ ਕਈ ਕਿਸਾਨਾਂ ਦੀਆਂ ਝੋਨੇ ਦੀਆਂ ਫਸਲਾਂ ਬਿਲਕੁਲ ਬਰਬਾਦ ਹੋ ਗਈਆਂ ਸਨ, ਜਿਸ ਨਾਲ ਉਨਾਂ ਨੂੰ ਵੱਡਾ ਆਰਥਿਕ ਨੁਕਸਾਨ ਝੱਲਣਾ ਪਿਆ ਹੈ। ਪਿਛਲੇ ਦਿਨੀ ਪਿੰਡਾਂ ਵਿੱਚ ਵਿਚਰ ਕੇ ਮੋਹਤਬਰਾਂ ਦੇ ਸਹਿਯੋਗ ਨਾਲ ਜੋ ਅੰਕੜੇ ਇਕੱਠੇ ਕੀਤੇ ਗਏ ਹਨ, ਲਗਭਗ 450 ਏਕੜ ਜ਼ਮੀਨ ਹੈ, ਜਿਸ ਦੀ ਸਾਉਣੀ ਦੀ ਫਸਲ ਬਿਲਕੁਲ ਬਰਬਾਦ ਹੋ ਗਈ ਸੀ। ਸੰਤ ਬਾਬਾ ਸੁੱਖਾ ਸਿੰਘ ਜੀ ਅਤੇ ਸੰਤ ਬਾਬਾ ਹਾਕਮ ਸਿੰਘ ਜੀ ਦੇ ਹੁਕਮਾਂ ਨਾਲ ਅੱਜ ਇੱਥੇ ਸੇਵਾ ਆਰੰਭ ਕੀਤੀ ਗਈ ਹੈ, ਜਿਸ ਵਿੱਚ ਪਿੰਡ ਕਰਮੂਵਾਲਾ ਅਤੇ ਪਿੰਡ ਘੜਕਾ ਦੇ ਮੰਡ ਖੇਤਰ ਦੀ ਲਗਭਗ 450 ਏਕੜ ਜ਼ਮੀਨ ਹੈ, ਜਿਸ ਵਿੱਚ ਰੇਤ ਭਰੀ ਹੋਈ ਹੈ। ਇਹ ਜ਼ਮੀਨ ਪੱਧਰੀ ਕਰਕੇ ਕਣਕ ਦੀ ਬਿਜਾਈ ਕਰਨ ਦੀ ਸੇਵਾ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਵੱਲੋਂ ਆਰੰਭ ਕੀਤੀ ਗਈ ਹੈ। ਵੱਖ-ਵੱਖ ਨਗਰਾਂ ਤੋਂ ਸੰਗਤ ਭਰਪੂਰ ਸਹਿਯੋਗ ਦੇ ਰਹੀ ਹੈ। ਨੌਜਵਾਨ ਆਪਣੇ ਟਰੈਕਟਰਾਂ ਸਮੇਤ ਇੱਥੇ ਪਹੁੰਚ ਰਹੇ ਹਨ। ਸਰਹਾਲੀ ਸਾਹਿਬ ਤੋਂ ਅੱਜ 1000 ਲੀਟਰ ਡੀਜ਼ਲ ਪਹੁੰਚ ਚੁੱਕਾ ਹੈ ਤਾਂ ਜੋ ਸੇਵਾ ਵਿਚ ਖੜੋਤ ਨਾ ਆਵੇ। ਜ਼ਿਕਰਯੋਗ ਹੈ ਕਿ ਅਗਸਤ ਅਤੇ ਸਤੰਬਰ ਮਹੀਨੇ ਵਿੱਚ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਦੇ ਉਦਮਾਂ ਨਾਲ ਜ਼ਿਲ੍ਹਾ ਤਰਨ ਤਾਰਨ ਪਿੰਡ ਮਰੜ ਤੋਂ ਲੈ ਕੇ ਮੁੱਠਿਆਂ ਵਾਲੇ ਤੱਕ ਦੇ ਬੰਨ੍ਹ ਨੂੰ ਇੱਕ ਮਹੀਨਾ ਲਗਾਤਾਰ ਦਿਨ ਰਾਤ ਸੇਵਾਵਾਂ ਨਾਲ ਕਈ ਥਾਵਾਂ ਤੋਂ ਬੰਨ ਨੂੰ ਟੁੱਟਣ ਤੋਂ ਬਚਾਇਆ ਸੀ ਪਰ ਚੋਹਲਾ ਸਾਹਿਬ ਇਲਾਕੇ ਦੇ ਕੁਝ ਪਿੰਡ ਆਰਜੀ ਬੰਨ੍ਹ ਟੁੱਟਣ ਨਾਲ ਹੜ੍ਹਾਂ ਦੀ ਮਾਰ ਹੇਠ ਆ ਗਏ ਸਨ। ਉਨਾਂ ਦੱਸਿਆ ਕਿ ਇਹ ਸੇਵਾਵਾਂ ਓਨਾ ਚਿਰ ਜਾਰੀ ਰਹਿਣਗੀਆਂ ਜਿੰਨਾ ਚਿਰ ਹੜ੍ਹ ਪੀੜ੍ਹਿਤ ਕਿਸਾਨਾਂ ਦੀ ਅਗਲੀ ਫਸਲ ਬੀਜੀ ਨਹੀਂ ਜਾਂਦੀ।

# 7 ਨਵੰਬਰ ਨੂੰ ਡੀ.ਸੀ ਦਫਤਰ ਤਰਨਤਾਰਨ ਮੂਹਰੇ ਗ੍ਰਿਫਤਾਰੀਆਂ ਦੇਣਗੇ ਏਡਡ ਸਕੂਲਾਂ ਦੇ ਅਧਿਆਪਕ ਤੇ ਪੈਨਸ਼ਨਰ



ਚੋਹਲਾ ਸਾਹਿਬ 1 ਨਵੰਬਰ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ਜ਼ਿਲ੍ਹੇ ਦੇ ਸਮੂਹ ਏਡਿਡ ਸਕੂਲਾਂ ਦੇ ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਦੀ ਇੱਕ ਜ਼ਰੂਰੀ ਮੀਟਿੰਗ ਐਸ ਡੀ ਸੀਨੀਅਰ ਸੈਕੰਡਰੀ ਸਕੂਲ ਤਰਨਤਾਰਨ ਵਿਖੇ ਕੀਤੀ ਗਈ। ਜਿਸ ਵਿੱਚ ਮੌਜੂਦ ਸਮੂਹ ਕਰਮਚਾਰੀਆਂ ਨੇ ਇੱਕ ਸੁਰ ਨਾਲ ਐਲਾਨ ਕੀਤਾ ਕਿ ਪੰਜਾਬ ਸਰਕਾਰ ਦੀ ਏਡਡ ਸਕੂਲ ਮਾਰੂ ਨੀਤੀਆਂ ਦੇ ਵਿਰੋਧ ਵਿੱਚ ਤਰਨਤਾਰਨ ਜ਼ਿਲ੍ਹੇ ਦੇ ਸਾਰੇ ਏਡਿਡ ਸਕੂਲ ਕਰਮਚਾਰੀ, ਸੂਬੇ ਦੇ ਸਮੂਹ ਏਡਡ ਸਕੂਲਾਂ ਦੇ ਅਧਿਆਪਕਾਂ, ਹੋਰ ਕਰਮਚਾਰੀਆਂ ਅਤੇ ਪੈਨਸ਼ਨਰਾਂ ਦੇ ਨਾਲ ਰਲ਼ ਕੇ 7 ਨਵੰਬਰ ਨੂੰ ਤਰਨ ਤਾਰਨ ਸਾਹਿਬ ਦੇ ਡਿਪਟੀ ਕਮਿਸ਼ਨਰ ਦਫ਼ਤਰ ਦੇ ਸਾਹਮਣੇ ਗਿਰਫ਼ਤਾਰੀਆਂ ਦੇਣਗੇ। ਤਰਨਤਾਰਨ ਵਿਖੇ ਬੀਤੇ ਦਿਨੀਂ ਪੰਜਾਬ ਰਾਜ ਸਰਕਾਰੀ ਸਹਾਇਤਾ ਪ੍ਰਾਪਤ ਅਧਿਆਪਕ ਅਤੇ ਹੋਰ ਕਰਮਚਾਰੀ ਯੂਨੀਅਨ, ਪੰਜਾਬ ਏਡਿਡ ਸਕੂਲ ਪੈਨਸ਼ਨਰ ਐਸੋਸੀਏਸ਼ਨ ਅਤੇ ਏਡਡ ਸਕੂਲ ਮੈਨੇਜਮੈਂਟ ਐਸੋਸੀਏਸ਼ਨ ਪੰਜਾਬ ਦੀ ਇੱਕ ਵਿਸ਼ੇਸ਼ ਮੀਟਿੰਗ ਵਿੱਚ ਤਿੰਨੇ ਜਥੇਬੰਦੀਆਂ ਨੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਸੀ ਕਿ ਅਗਰ ਪੰਜਾਬ ਸਰਕਾਰ ਵੱਲੋਂ 6 ਨਵੰਬਰ ਤੱਕ ਪੰਜਾਬ ਦੇ ਸਮੁੱਚੇ ਏਡਡ ਸਕੂਲਾਂ ਦੀ ਅਪ੍ਰੈਲ ਤੋਂ ਦਸੰਬਰ 2025 ਤੱਕ ਦੀ ਤਨਖਾਹ ਗਰਾਂਟ ਜਾਰੀ ਨਾ ਕੀਤੀ ਤਾਂ 7 ਨਵੰਬਰ ਨੂੰ ਤਿੰਨੇ ਜਥੇਬੰਦੀਆਂ ਤਰਨਤਰਨ ਸਾਹਿਬ ਦੇ ਬਾਜ਼ਾਰਾਂ ਵਿੱਚ ਭਾਰੀ ਰੋਸ ਮੁਜ਼ਾਹਰੇ ਕਰਨ ਤੋਂ ਬਾਅਦ ਡੀ. ਸੀ ਦਫਤਰ ਤਰਨਤਾਰਨ ਵਿਖੇ ਆਪਣੀਆਂ 1700 ਵਰਕਿੰਗ ਅਤੇ 6000 ਸੇਵਾ ਮੁਕਤ ਅਧਿਆਪਕ ਤੇ ਹੋਰ ਕਰਮਚਾਰੀ ਆਪਣੀਆਂ ਗ੍ਰਿਫਤਾਰੀਆਂ ਦੇਣਗੇ ਤੇ ਜੇਲ ਭਰੋ ਅੰਦੋਲਨ ਦਾ ਆਗਾਜ਼ ਕਰ ਦੇਣਗੇ। ਇਸ ਦੇ ਨਾਲ ਨਾਲ ਇਹ ਵੀ ਐਲਾਨ ਕੀਤਾ ਗਿਆ ਕਿ ਅਗਰ ਸਰਕਾਰ ਗ੍ਰਿਫਤਾਰੀਆਂ ਨਹੀਂ ਕਰਦੀ ਤਾਂ 8 ਅਤੇ 9 ਨਵੰਬਰ ਨੂੰ ਤਰਨਤਰਨ ਸਾਹਿਬ ਵਿਧਾਨ ਸਭਾ ਹਲਕੇ ਦੇ ਵੱਖ-ਵੱਖ ਕਸਬਿਆਂ ਅਤੇ ਪਿੰਡਾਂ ਵਿੱਚ ਭਾਰੀ ਰੋਸ ਮੁਜਾਹਰੇ ਕਰਕੇ ਲੋਕਾਂ ਨੂੰ ਦੱਸਿਆ ਜਾਵੇਗਾ ਕਿ ਇੱਕ ਲੱਖ 76 ਹਜ਼ਾਰ ਬੱਚਿਆਂ ਨੂੰ ਪੜ੍ਹਾਉਣ ਵਾਲੇ ਏਡਡ ਸਕੂਲਾਂ ਦੇ ਅਧਿਆਪਕ ਪਿਛਲੇ ਅੱਠ ਮਹੀਨਿਆਂ ਤੋਂ ਬਿਨਾਂ ਤਨਖਾਹਾਂ ਤੋਂ ਗੁਜ਼ਾਰਾ ਕਰ ਰਹੇ ਹਨ, ਇਹਨਾਂ ਰੋਸ ਮੁਜਾਹਰਿਆਂ ਦੌਰਾਨ ਸਰਕਾਰ ਦੀ ਤਾਨਾਸ਼ਾਹੀ ਅਤੇ ਅਫਸਰਸ਼ਾਹੀ ਦੇ ਨਕਰਾਤਮਕ ਵਤੀਰੇ ਅਤੇ ਪੰਜਾਬ ਸਰਕਾਰ ਦੀ ਝੂਠੀ ਸਿੱਖਿਆ ਕ੍ਰਾਂਤੀ ਦੇ ਪਾਜ ਉਧੇੜੇ ਜਾਣਗੇ, ਜੇਕਰ ਫੇਰ ਵੀ ਸਰਕਾਰ ਨੇ ਏਡਡ ਸਕੂਲਾਂ ਦੀਆਂ ਮੈਨੇਜਮੈਂਟਾਂ ਦੇ ਆਡਿਟ ਕਰਨ ਵਾਲੇ ਪੱਤਰ ਵਾਪਸ ਲੈ ਕੇ ਗਰਾਂਟਾਂ ਜਾਰੀ ਨਹੀਂ ਕੀਤੀਆਂ ਤਾਂ ਪੰਜਾਬ ਦੇ ਏਡਡ ਸਕੂਲਾਂ ਦੇ ਸਮੁੱਚੇ ਕੋਰਸਪੋਂਡੈਂਟ ਸਰਕਾਰ ਨੂੰ ਆਪਣੇ ਅਸਤੀਫੇ ਸੌਂਪ ਦੇਣਗੇ। ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਮੀਤ ਸਿੰਘ ਮਦਨੀਪੁਰ, ਸੂਬਾ ਜਨਰਲ ਸਕੱਤਰ ਸ਼ਰਨਜੀਤ ਸਿੰਘ ਕਾਦੀਮਾਜਰਾ, ਪੈਨਸ਼ਨਰ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਗੁਰਚਰਨ ਸਿੰਘ ਚਾਹਲ ਵੱਲੋ ਉਲੀਕੀ ਰੂਪਰੇਖਾ ਤੇ ਕੀਤੀ। ਮੀਟਿੰਗ ਵਿਚ ਜਿਲਾ ਪ੍ਰਧਾਨ ਬਲਜਿੰਦਰ ਸਿੰਘ ਪੰਨੂ, ਸਰਬਜੀਤ ਸਿੰਘ ਢਿਲੋਂ,ਪ੍ਰਿੰਸੀਪਲ ਜਤਿੰਦਰਪਾਲ ਸਿੰਘ,ਨਰਿੰਦਰ ਸਿੰਘ ਬੀੜ ਸਾਹਿਬ, ਅਜੇ ਸਿੰਘ ਹੁੰਦਲ, ਗੁਰਪਰਸੰਨ ਸਿੰਘ ਪੱਟੀ,ਦਿਲਬਾਗ ਸਿੰਘ, ਮੈਡਮ ਰਜਨੀ,ਸੁਨੀਲ ਕੁਮਾਰ ਸਮੇਤ ਜਿਲੇ ਭਰ ਦੇ ਏਡਿਡ ਸਕੂਲਾਂ ਦੇ ਕਰਮਚਾਰੀਆਂ ਨੇ ਹਿੱਸਾ ਲਿਆ। ਮੈਨੇਜਮੈਂਟ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਸੇਵਾ ਸਿੰਘ ਚਾਵਲਾ ਨੇ ਇਹ ਵੀ ਦੱਸਿਆ ਕਿ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਅਜਿਹਾ ਹੋਇਆ ਹੈ ਕਿ ਕਿਸੀ ਸਰਕਾਰ ਵੱਲੋਂ 95 ਫੀਸਦੀ ਤਨਖਾਹ ਗਰਾਂਟ ਦੇਣ ਲਈ ਮੈਨੇਜਮੈਂਟਾਂ ਦੀ ਆਮਦਨ ਦੇ ਆੱਡਿਟ ਕਰਨ ਦੇ ਨਾਂ ਤੇ ਅੱਠ-ਅੱਠ ਮਹੀਨਿਆਂ ਦੀਆਂ ਤਨਖਾਹਾਂ ਰੋਕੀਆਂ ਗਈਆਂ ਹੋਣ। ਯੂਨੀਅਨ ਆਗੂਆਂ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਦੇ ਖੋਖਲੇ ਦਾਅਵੇ ਕਰਨ ਵਾਲੀ ਪੰਜਾਬ ਸਰਕਾਰ ਦੇ ਰਾਜ ਵਿੱਚ ਏਡਿਡ ਸਕੂਲ ਬੰਦ ਹੋਣ ਕਿਨਾਰੇ ਪੁੱਜ ਗਏ ਹਨ। ਇਹਨਾਂ ਸਕੂਲਾਂ ਦੇ ਅਧਿਆਪਕ ਕਈ ਕਈ ਮਹੀਨਿਆਂ ਤੋਂ ਫਾਕਾਕਟੀ ਕਰ ਰਹੇ ਹਨ, ਪਰ ਸੰਬੰਧਤ ਅਧਿਕਾਰੀਆਂ ਅਤੇ ਮੰਤਰੀਆਂ ਨੂੰ ਵਾਰ ਵਾਰ ਮਿਲਣ ਅਤੇ ਆਪਣੀਆਂ ਸਮੱਸਿਆਵਾਂ ਦੱਸਣ ਦੇ ਬਾਵਜੂਦ ਕੋਈ ਵੀ ਸੁਖਾਵਾਂ ਹੱਲ ਨਹੀਂ ਨਿਕਲਿਆ ਅਤੇ ਸਾਰੇ ਵਰਕਿੰਗ ਏਡਿਡ ਸਟਾਫ ਮੈਂਬਰਾਂ ਅਤੇ ਉਹਨਾਂ ਦੇ ਪਰਿਵਾਰਾਂ ਦੇ ਭੁੱਖੇ ਮਰਨ ਤੱਕ ਦੀ ਨੌਬਤ ਆ ਗਈ ਹੈ।